# ਇੱਕ ਗ਼ਲਤੀ ਕਾ ਇਜ਼ਾਲਾ

(ਇੱਕ ਗ਼ਲਤੀ ਦਾ ਨਿਵਾਰਨ)




ਸੂਖ਼ਮ ਰਚਨਾ

ਸਯੱਦਨਾ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ

ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ

# ਇਕੱ ਗ਼ਲਤੀ ਕਾ ਇਜ਼ਾਲਾ

(ਇਕੱ ਗ਼ਲਤੀ ਦਾ ਨਿਵਾਰਨ)

ਸੂਖ਼ਮ ਰਚਨਾ

ਸਯੱਦਨਾ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ

ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ

# ਇਕੱ ਗ਼ਲਤੀ ਕਾ ਇਜ਼ਾਲਾ

(ਇਕੱ ਗ਼ਲਤੀ ਦਾ ਨਿਵਾਰਨ)

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ
ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ



| | | |
|---|---|---|
| ਸੰਸਕਰਣ ਪਹਿਲਾ | : | ਜੂਨ 2024 |
| ਗਿਣਤੀ | : | 200 |
| ਅਨੁਵਾਦਕ | : | ਐਮ.ਐਮ. ਤਯੱਬ (ਐਮ.ਏ) |
| ਪ੍ਰਕਾਸ਼ਕ | : | ਨਜ਼ਾਰਤ ਨਸ਼ਰੋ ਇਸ਼ਾਅਤ<br>ਸਦਰ ਅੰਜੁਮਨ ਅਹਮਦੀਆ ਕਾਦੀਆਂ<br>ਜ਼ਿਲ੍ਹਾ ਗੁਰਦਾਸਪੁਰ, ਪੰਜਾਬ, ਭਾਰਤ 143516 |
| ਪ੍ਰੈਸ | : | ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ |


# AIK GALTI KA IZALA

(AIK GALTI DA NIVARAN)

Hazrat Mirza Ghulam Ahmad Qadiani
Masih Maood w Mahdi Mahood (AS)


| | | |
|---|---|---|
| First Edition | : | June 2024 |
| Copies | : | 200 |
| Translated By | : | M.M. TAYYAB (M.A) |
| Published By | : | Nazarat Nashr-o-Ishat<br>Sadr Anjuman Ahmadiyya<br>Qadian Dist. Gurdaspur, Punjab<br>India 143516 |
| Printed At | : | Fazle Umar Printing Press |



**ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ**

# ਲੇਖਕ ਬਾਰੇ

## ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ, ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ 1835 ਈ. ਵਿਚੱ ਭਾਰਤ ਦੇ ਸੂਬਾ ਪੰਜਾਬ ਦੇ ਇਕੱ ਕਸਬੇ ਕਾਦੀਆਂ ਵਿਚੱ ਪੈਦਾ ਹੋਏ । ਪਹਿਲੀ ਉਮਰ ਵਿਚੱ ਹੀ ਆਪ ਇਲਾਹੀ ਇਬਾਦਤ, ਦੁਆਵਾਂ, ਕੁਰਆਨੇ ਕਰੀਮ ਦੇ ਸਿਮਰਣ ਅਤੇ ਹੋਰਨਾਂ ਧਾਰਮਿਕ ਪੁਸਤਕਾਂ ਦੇ ਅਧਿਐਨ ਵਿਚੱ ਲੀਨ ਰਹਿੰਦੇ ਸਨ । ਇਸਲਾਮ ਜੋ ਉਸ ਸਮੇਂ ਚਾਰੋਂ ਪਾਸਿਓਂ ਦੁਸ਼ਮਨਾਂ ਦਾ ਸ਼ਿਕਾਰ ਬਣਿਆ ਹੋਇਆ ਸੀ । ਉਸ ਦੀ ਰਹਿਮ ਯੋਗ ਅਵਸਥਾ ਵੇਖ ਕੇ ਆਪ ਅਲੈਹਿ ਸਲਾਮ ਨੂੰ ਬਹੁਤ ਦੁਖੱ ਹੁੰਦਾ ਇਸਲਾਮ ਦੀ ਪ੍ਰਤੀ ਰਖਿੱਆ ਅਤੇ ਉਸ ਦੀ ਸਿਖਿੱਆਵਾਂ ਨੂੰ ਉਸ ਦੀ ਆਪਣੀ ਅਵਸਥਾ ਵਿਚੱ ਸੰਸਾਰ ਦੇ ਸਾਮ੍ਹਣੇ ਪੈਸ਼ ਕਰਨ ਲਈ ਆਪ ਅਲੈਹਿ ਸਲਾਮ ਨੇ 80 ਤੋਂ ਵਧੱ ਕਿਤਾਬਾਂ ਲਿੱਖੀਆਂ ਅਤੇ ਹਜ਼ਾਰਾਂ ਹੀ ਪਤੱਰ ਲਿੱਖੇ ਅਤੇ ਅਨੇਕਾਂ ਹੀ ਧਾਰਮਿਕ ਗੋਸ਼ਟੀਆਂ ਅਤੇ ਵਿਚਾਰ ਵਟਾਂਦਰੇ ਕੀਤੇ । ਆਪ ਅਲੈਹਿ ਸਲਾਮ ਨੇ ਦਸਿੱਆ ਕਿ ਇਸਲਾਮ ਹੀ ਉਹ ਜੀਊਂਦਾ ਧਰਮ ਹੈ । ਜੋ ਮਨੁਖੱ ਦਾ ਸੰਬੰਧ ਆਪਣੇ ਹਕੀਕੀ ਸਿਰਜਣਹਾਰ ਨਾਲ ਪੈਦਾ ਕਰ ਸਕਦਾ ਹੈ ਅਤੇ ਉਸੇ ਦੀ ਪੈਰ੍ਹਵੀਂ ਨਾਲ ਆਚਰਣਿਕ ਅਤੇ ਆਤਮਿਕ ਰਸ ਮੰਡਲੀਆਂ ਹਾਸਲ ਕਰ ਸਕਦਾ ਹੈ ।

ਛੋਟੀ ਉਮਰ ਵਿਚੱ ਹੀ ਆਪ ਅਲੈਹਿ ਸਲਾਮ ਸੱਚੇ ਸੁਪਨਿਆਂ, ਦਿਵਦ੍ਰਿਸ਼, ਇਲਾਹੀ ਕਲਾਮ ਅਤੇ ਸੰਬੋਧਨਾਂ ਨਾਲ ਮੁਸ਼ਰੱਫ਼ ਹੋਏ । 1889 ਈ. ਵਿਚੱ ਆਪ ਅਲੈਹਿ ਸਲਾਮ ਨੇ ਇਲਾਹੀ ਹੁਕਮ ਅਨੁਸਾਰ ਬੈਅਤ ਲੈਣਾ ਸ਼ੁਰੂ

ਕੀਤਾ ਅਤੇ ਇਕੱ ਪਵਿਤੱਰ ਜਮਾਅਤ ਦੀ ਨੀਂਹ ਰੱਖੀ। ਦਿਨ ਪ੍ਰਤੀ ਦਿਨ ਇਲਾਹੀ ਸੰਬੋਧਨਾ ਅਤੇ ਇਲਾਹੀ ਕਲਾਮ ਵਿਚੱ ਤਰੱਕੀ ਹੁੰਦੀ ਗਈ ਅਤੇ ਆਪ ਅਲੈਹਿ ਸਲਾਮ ਨੇ ਰੱਬੀ ਹੁਕਮ ਅਨੁਸਾਰ ਹੀ ਇਹ ਐਲਾਨ ਕੀਤਾ ਕਿ ਆਪ ਹੀ ਅੰਤਿਮ ਯੁਗੱ ਦੇ ਉਹ ਸੁਧਾਰਕ ਹਨ। ਜਿਸ ਬਾਰੇ ਵਿਸ਼ਵ ਭਰ ਵਿਚੱ ਵਖੱ ਵਖੱ ਨਾਵਾਂ ਨਾਲ ਭਵਿਖੱਬਾਣੀਆਂ ਮੌਜੂਦ ਹਨ। ਆਪ ਅਲੈਹਿ ਸਲਾਮ ਨੇ ਇਹ ਵੀ ਦਾਅਵਾ ਕੀਤਾ ਕਿ ਆਪ ਉਹੀ ਮਸੀਹ ਅਤੇ ਮਹਦੀ ਹਨ। ਜਿਸ ਦੇ ਆਉਣ ਦੀਆਂ ਭਵਿਖੱਬਾਣੀਆਂ ਆਂਹਜ਼ਰਤ ਸਲੱਲਾਹੋ ਅਲੈਹਿ ਵਸਲਮ ਨੇ ਕੀਤੀਆਂ ਸਨ। ਹੁਣ ਅਹਮਦੀਆ ਮੁਸਲਿਮ ਜਮਾਅਤ ਸੰਸਾਰ ਦੇ ਦੋ ਸੌ ਤੋਂ ਵਧੱ ਦੇਸ਼ਾ ਵਿਚੱ ਸਥਾਪਤ ਹੋ ਚੁੱਕੀ ਹੈ।

1908 ਈ. ਵਿਚੱ ਆਪ ਅਲੈਹਿ ਸਲਾਮ ਦੇ ਅਕਾਲ ਚਲਾਣੇ ਮਗਰੋਂ ਕੁਰਆਨ ਕਰੀਮ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀਆਂ ਭਵਿਖੱਬਾਣੀਆਂ ਅਨੁਸਾਰ ਆਪ ਅਲੈਹਿ ਸਲਾਮ ਦੇ ਮਿਸ਼ਨ ਦੀ ਸੰਪੂਰਨਤਾ ਲਈ ਖ਼ਿਲਾਫ਼ਤ ਦੇ ਨਿਜ਼ਾਮ ਦੀ ਸਥਾਪਨਾ ਹੋਈ। ਹਜ਼ਰਤ ਮਿਰਜ਼ਾ ਮਸਰੂਰ ਅਹਮਦ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਆਪ ਅਲੈਹਿ ਸਲਾਮ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਅਤੇ ਅੰਤਰਰਾਸ਼ਟਰੀ ਅਹਮਦੀਆ ਮੁਸਲਿਮ ਜਮਾਅਤ ਦੇ ਵਰਤਮਾਨ ਰੂਹਾਨੀ ਇਮਾਮ ਹਨ।

بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ

# ਇਕੱ ਗ਼ਲਤੀ ਕਾ ਇਜ਼ਾਲਾ

(ਇਕੱ ਗ਼ਲਤੀ ਦਾ ਨਿਵਾਰਨ)

ਸਾਡੀ ਜਮਾਅਤ ਵਿੱਚੋਂ ਕੁਝੱ ਲੋਕ ਜੋ ਸਾਡੇ ਦਾਅਵੇ ਅਤੇ ਦਲੀਲਾਂ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਹਨ। ਜਿਨ੍ਹਾਂ ਨੂੰ ਨ ਧਿਆਨ ਨਾਲ ਸਾਡੀਆਂ ਕਿਤਾਬਾਂ ਵੇਖਣ ਦਾ ਮੌਕਾ ਮਿਲਿਆ ਅਤੇ ਨ ਉਹ ਇਕੱ ਨਿਧਾਰਿਤ ਸਮੇਂ ਤਕੱ ਸਾਡੀ ਸੰਗਤ ਵਿਚੱ ਰਹਿ ਕੇ ਆਪਣੇ ਗਿਆਨ ਨੂੰ ਸੰਪੂਰਨ ਕਰ ਸਕੇ ਹਨ। ਉਹ ਕਦੇ ਕਦਾਈਂ ਵਿਰੋਧੀਆਂ ਦੇ ਕਿਸੇ ਆਰੋਪ ਉੱਤੇ ਅਜਿਹਾ ਉੱਤਰ ਦਿੰਦੇ ਹਨ ਕਿ ਜੋ ਸੱਚਾਈ ਦੇ ਬਿਲਕੁਲੱ ਉਲਟ ਹੁੰਦਾ ਹੈ। ਇਸ ਲਈ ਸੱਚੇ ਹੋਣ ਦੇ ਬਾਦ ਵੀ ਉਨ੍ਹਾਂ ਨੂੰ ਸ਼ਰਮਿੰਦਗੀ ਚੁਕੱਣੀ ਪੈਂਦੀ ਹੈ। ਹਾਲੇ ਕੁਝੱ ਦਿਨ ਹੋਏ ਹਨ ਕਿ ਇਕੱ ਸਾਹਿਬ ਨੂੰ ਇਕੱ ਵਿਰੋਧੀ ਵੱਲੋਂ ਇਹ ਆਰੋਪ ਪੈਸ਼ ਹੋਇਆ ਕਿ ਜਿਸ ਦੀ ਤੁਸੀਂ ਬੈਅਤ ਕੀਤੀ ਹੈ। ਉਹ ਨਬੀ ਅਤੇ ਰਸੂਲ ਹੋਣ ਦਾ ਦਾਅਵਾ ਕਰਦਾ ਹੈ ਅਤੇ ਉਸ ਦਾ ਉਤੱਰ ਕੇਵਲ ਇੰਨਕਾਰ ਦੇ ਸ਼ਬਦਾਂ ਨਾਲ ਦਿੱਤਾ ਗਿਆ। ਜਦੱ ਕਿ ਇਹ ਉੱਤਰ ਸਹੀ ਨਹੀਂ ਹੈ। ਸਚੱ ਇਹ ਹੈ ਕਿ ਰਬੱ ਦੀ ਉਹ ਪਾਕ ਵਹੀ ਜੋ ਮੇਰੇ ਉੱਤੇ ਉਤਰਦੀ ਹੈ। ਉਸ ਵਿਚੱ ਅਜਿਹੇ ਸ਼ਬਦ ਰਸੂਲ[1] ਅਤੇ ਮੁਰਸਲ[2] ਅਤੇ ਨਬੀ ਦੇ ਮੌਜੂਦ ਹਨ, ਨ ਇਕੱ ਵਾਰ ਸਗੋਂ ਕਈ ਸੌ ਵਾਰ। ਫ਼ਿਰ ਕਿਉਂਕਿ ਇਹ ਉਤੱਰ ਸਹੀ ਹੋ

---

[1] ਅਰਥਾਤ ਅਵਤਾਰ ਅਨੁਵਾਦਕ

[2] ਅਰਥਾਤ ਭੇਜਿਆ ਹੋਇਆ ਅਨੁਵਾਦਕ

ਸਕਦਾ ਹੈ ਕਿ ਅਜਿਹੇ ਸ਼ਬਦ ਮੌਜੂਦ ਨਹੀਂ ਹਨ। ਸਗੋਂ ਹੁਣ ਤਾਂ ਪਹਿਲਾਂ ਨਾਲੋਂ ਬਹੁਤ ਸਪਸ਼ਟ ਅਤੇ ਵਿਆਖਿਆ ਭਰਪੂਰ ਸ਼ਬਦ ਮੌਜੂਦ ਹਨ ਅਤੇ ਬਰਾਹੀਨੇ ਅਹਮਦੀਆ ਵਿਚੱ ਵੀ ਜਿਸ ਨੂੰ ਛਪੇ ਬਾਈ (22) ਸਾਲ ਹੋ ਗਏ। ਅਜਿਹੇ ਸ਼ਬਦ ਕੁਝੱ ਥੋੜ੍ਹੇ ਨਹੀਂ ਹਨ। ਸੋ, ਉਹ ਰੱਬੀ ਕਲਾਮ ਜੋ ਕੁਰਆਨ ਕਰੀਮ ਵਿਚੱ ਛਪੱ ਚੁੱਕਾ ਹੈ। ਉਨ੍ਹਾਂ ਵਿਚੋਂ ਇਕੱ ਇਹ ਰੱਬੀ ਵਹੀ ਹੈ ਕਿ

هُوَ الَّذِیۡ اَرۡسَلَ رَسُوۡلَہٗ بِالۡہُدٰی وَ دِیۡنِ الۡحَقِّ لِیُظۡہِرَہٗ عَلَی الدِّیۡنِ کُلِّہٖ

(ਵੇਖੋ ਪੰਨਾ 498 ਬਰਾਹੀਨੇ ਅਹਮਦੀਆ)

ਇਸ ਵਿਚੱ ਸਾਫ਼ ਤੌਰ ਉੱਤੇ ਇਸ ਨਿਮਾਣੇ ਨੂੰ ਰਸੂਲ ਕਰਕੇ ਸਦਿੱਆ ਗਿਆ ਹੈ। ਫ਼ਿਰ ਇਸ ਦੇ ਬਾਦ ਇਸੇ ਕਿਤਾਬ ਵਿਚੱ ਮੇਰੇ ਬਾਰੇ ਇਹ ਰੱਬੀ ਵਹੀ ਹੈ

جَرِیُ اللّٰہِ فِیۡ حُلَلِ الۡاَنۡبِیَآءِ

ਅਰਥਾਤ ਰਬੱ ਦਾ ਰਸੂਲ ਨਬੀਆਂ ਦੀ ਪੁਸ਼ਾਕ ਵਿਚੱ।

(ਵੇਖੋ ਬਰਾਹੀਨੇ ਅਹਮਦੀਆ ਪੰਨਾ 504)

ਫ਼ਿਰ ਇਸੇ ਕਿਤਾਬ ਵਿਚੱ ਇਸੇ ਇਲਹਾਮ ਦੇ ਨੇੜ੍ਹੇ ਹੀ ਇਹ ਰੱਬੀ ਵਹੀ ਹੈ ਕਿ

مُحَمَّدٌ رَّسُوۡلُ اللّٰہِ وَ الَّذِیۡنَ مَعَہٗۤ اَشِدَّآءُ عَلَی الۡکُفَّارِ رُحَمَآءُ بَیۡنَہُمۡ

ਇਸ ਰੱਬੀ ਵਹੀ ਵਿਚੱ ਮੇਰਾ ਨਾਂ ਮੁਹਮੱਦ ਰਖਿੱਆ ਗਿਆ ਅਤੇ ਰਸੂਲ ਵੀ। ਫ਼ਿਰ ਉਹ ਰੱਬੀ ਵਹੀ ਹੈ, ਜੋ ਪੰਨਾ 557 ਬਰਾਹੀਨ ਵਿਚੱ ਦਰਜ ਹੈ ਕਿ

" ਦੁਨੀਆ ਵਿਚੱ ਇਕੱ ਨਜ਼ੀਰ[1] ਆਇਆ "

ਇਸ ਦਾ ਦੂਜਾ ਉਚਾਰਨ ਇਹ ਹੈ ਕਿ

" ਦੁਨੀਆ ਵਿਚੱ ਇਕੱ ਨਬੀ ਆਇਆ "

ਇੰਞ ਹੀ ਬਰਾਹੀਨੇ ਅਹਮਦੀਆ ਵਿਚੱ ਅਤੇ ਹੋਰ ਕਈ ਥਾਂ ਰਸੂਲ ਦੇ ਸ਼ਬਦ ਨਾਲ ਇਸ ਨਿਮਾਣੇ ਨੂੰ ਯਾਦ ਕੀਤਾ ਗਿਆ। ਸੋ, ਜੇਕਰ ਇਹ ਕਿਹਾ ਜਾਵੇ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤਾਂ ਖ਼ਾਤਮਨ ਨਬੀਯੀਨ ਹਨ। ਫ਼ਿਰ ਆਪ ਦੇ ਬਾਦ ਨਬੀ ਕਿਵੇਂ ਆ ਸਕਦਾ ਹੈ। ਇਸ ਦਾ ਉੱਤਰ ਇਹੀ ਹੈ ਕਿ ਬੇਸ਼ਕੱ ਉਸ ਤਰ੍ਹਾਂ ਦਾ ਤਾਂ ਕੋਈ ਨਬੀ ਨਵਾਂ ਹੋਵੇ ਜਾਂ ਪੁਰਾਣਾ ਨਹੀਂ ਆ ਸਕਦਾ, ਜਿਵੇਂ ਤੁਸੀਂ ਹਜ਼ਰਤ ਈਸਾ ਅਲੈਹਿ ਸਲਾਮ ਨੂੰ ਅੰਤਿਮ ਜ਼ਮਾਨੇ ਵਿਚੱ ਉਤਾਰਦੇ ਹੋ ਅਤੇ ਫ਼ਿਰ ਉਨ੍ਹਾਂ ਨੂੰ ਨਬੀ ਵੀ ਮੰਨਦੇ ਹੋ ਅਤੇ ਉਸ ਉੱਤੇ ਚਾਲੀ ਸਾਲ ਤਕੱ ਨਬੁਵੱਤ ਦੀ ਵਹੀ ਦਾ ਸਿਲਸਿਲਾ ਜਾਰੀ ਰਹਿਣਾ ਅਤੇ ਜ਼ਮਾਨਾ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤੋਂ ਵੀ ਵਧੱ ਜਾਣਾ ਆਪ ਲੋਕਾਂ ਦਾ ਵਿਸ਼ਵਾਸ ਹੈ। ਅਜਿਹਾ ਵਿਸ਼ਵਾਸ ਤਾਂ ਬੇਸ਼ਕੱ ਪਾਪ ਹੈ ਅਤੇ ਆਇਤ

وَلَٰكِن رَّسُولَ ٱللَّهِ وَخَاتَمَ ٱلنَّبِيِّـۧنَ

ਅਤੇ ਹਦੀਸ لَا نَبِيَّ بَعۡدِی

ਇਸ ਵਿਸ਼ਵਾਸ ਦੇ ਬਿਲਕੁਲੱ ਗ਼ਲਤ ਹੋਣ ਉੱਤੇ ਸੰਪੂਰਨ ਗਵਾਹੀ ਦੇ ਰਹੀ ਹੈ। ਪਰ ਅਸੀਂ ਅਜਿਹੇ ਵਿਸ਼ਵਾਸ ਦੇ ਬਿਲਕੁਲੱ ਵਿਰੋਧੀ ਹਾਂ ਅਤੇ ਅਸੀਂ

[1] ਡਰਾਉਣ ਵਾਲਾ

ਇਸ ਆਇਤ ਉੱਤੇ ਸੱਚਾ ਅਤੇ ਸੰਪੂਰਨ ਵਿਸ਼ਵਾਸ ਰਖੱਦੇ ਹਾਂ । ਜੋ ਫ਼ਰਮਾਇਆ ਕਿ

وَلَٰكِن رَّسُولَ ٱللَّهِ وَخَاتَمَ ٱلنَّبِيِّـۧنَ

ਅਤੇ ਇਸ ਆਇਤ ਵਿਚੱ ਇਕੱ ਭਵਿਖੱਬਾਣੀ ਹੈ । ਜਿਸ ਦੀ ਉਹਨਾਂ ਨੂੰ ਖ਼ਬਰ ਨਹੀਂ ਅਤੇ ਉਹ ਇਹ ਹੈ ਕਿ ਰਬੱ ਇਸ ਆਇਤ ਵਿਚੱ ਫ਼ਰਮਾਉਂਦਾ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਬਾਦ ਭਵਿਖੱਬਾਣੀਆਂ ਦੇ ਬੂਹੇ ਕਯਾਮਤ ਤਕੱ ਬੰਦ ਕਰ ਦਿੱਤੇ ਗਏ ਹਨ ਅਤੇ ਸੰਭਵ ਨਹੀਂ ਕਿ ਹੁਣ ਕੋਈ ਹਿੰਦੂ ਜਾਂ ਯਹੂਦੀ ਜਾਂ ਈਸਾਈ ਜਾਂ ਕੋਈ ਨਾਂ ਦਾ ਮੁਸਲਮਾਨ ਨਬੀ ਦੇ ਸ਼ਬਦ ਨੂੰ ਆਪਣੇ ਬਾਰੇ ਸਾਬਤ ਕਰ ਸਕੇ । ਨਬੁਵੱਤ ਦੀਆਂ ਸਾਰੀਆਂ ਖਿੜਕੀਆਂ ਬੰਦ ਕਰ ਦਿੱਤੀਆਂ ਗਈਆਂ ਹਨ । ਪਰ ਇਕੱ ਖਿੜਕੀ ਸੀਰਤੇ ਸੱਦੀਕੀ[1] ਦੀ ਖੁੱਲ੍ਹੀ ਹੈ, ਅਰਥਾਤ ਫ਼ਨਾ ਫ਼ਿਰੱਸੂਲ[2] ਦੀ । ਸੋ, ਜੋ ਇਸ ਖਿੜਕੀ ਰਾਹੀਂ ਰਬੱ ਕੋਲ੍ਹ ਆਉਂਦਾ ਹੈ । ਉਸ ਉੱਤੇ ਜ਼ਿੱਲ੍ਹੀ[3] ਤੌਰ ਉੱਤੇ ਉਹੀ ਨਬੁਵੱਤ ਦੀ ਚਾਦਰ ਪਾਈ ਜਾਂਦੀ ਹੈ । ਜੋ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦੀ ਨਬੁਵੱਤ ਦੀ ਚਾਦਰ ਹੈ । ਇਸ ਲਈ ਉਸ

[1] ਅਰਥਾਤ ਮੁਸਲਮਾਨਾਂ ਦੇ ਪਹਿਲੇ ਖ਼ਲੀਫ਼ਾਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਆਚਰਣ ਉੱਤੇ ਹੋਣਾ । ਅਨੁਵਾਦਕ

[2] ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਆਗਿਆ ਪਾਲਨ ਅਤੇ ਪ੍ਰੇਮ ਵਿਚੱ ਲੀਨ ਹੋਣਾ । ਅਨੁਵਾਦਕ

[3] ਜ਼ਿਲੱ੍ਹ ਦਾ ਅਰਥ ਹੈ-ਬਰੂਜ਼, ਪ੍ਰਤਿਬਿੰਬ, ਪ੍ਰਤਿਰੂਪ, ਪਰਤੋਹ, ਪਰਛਾਵਾਂ, ਸਾਇਆ ਆਦਿ ਅਨੁਵਾਦਕ

ਦਾ ਨਬੀ ਹੋਣਾ ਗ਼ੈਰਤ ਦੀ ਥਾਂ ਨਹੀਂ ਕਿਉਂਕਿ ਉਹ ਆਪਣੀ ਹਸਤੀ ਤੋਂ ਨਹੀਂ ਸਗੋਂ ਆਪਣੇ ਨਬੀ ਦੇ ਚਸ਼ਮੇ ਤੋਂ ਲੈਂਦਾ ਹੈ ਅਤੇ ਨ ਆਪਣੇ ਲਈ ਸਗੋਂ ਉਸੇ ਦੀ ਵਡਿੱਆਈ ਲਈ। ਇਸੇ ਲਈ ਉਸ ਦਾ ਨਾਂ ਆਕਾਸ਼ ਵਿਚੱ ਮੁਹਮੱਦ ਅਤੇ ਅਹਮਦ ਹੈ। ਇਸ ਦਾ ਇਹ ਅਰਥ ਹੈ ਕਿ ਮੁਹਮੱਦ (ਸਲੱਲਾਹੋ ਅਲੈਹਿ ਵਸਲੱਮ) ਦੀ ਨਬੁਵੱਤ ਅੰਤ ਵਿਚੱ ਮੁਹਮੱਦ (ਸਲੱਲਾਹੋ ਅਲੈਹਿ ਵਸਲੱਮ) ਨੂੰ ਹੀ ਮਿਲੀ ਭਾਵੇਂ ਜ਼ਿੱਲ੍ਹੀ ਤੌਰ ਉੱਤੇ ਪਰ ਨ ਕਿਸੇ ਹੋਰ ਨੂੰ। ਸੋ, ਇਹ ਆਇਤ ਕਿ

مَّا كَانَ مُحَمَّدٌ أَبَآ أَحَدٍ مِّن رِّجَالِكُمْ وَلَٰكِن رَّسُولَ ٱللَّهِ وَخَاتَمَ ٱلنَّبِيِّۦنَ[1] |33|41

ਇਸ ਦੇ ਅਰਥ ਇਹ ਹਨ ਕਿ

لَيْسَ مُحَمَّدٌ اَبَآ اَحَدٍ مِّنْ رِّجَالِ الدُّنْيَا وَلٰكِنْ هُوَ اَبٌ لِرِجَالِ الْاٰخِرَةِ لِاَنَّهٗ خَاتَمَ النَّبِيِّيْنَ وَلَا سَبِيْلَ اِلٰى فُيُوْضِ اللّٰهِ مِنْ غَيْرِ تُوَسُّطِهٖ

ਅਰਥਾਤ ਮੇਰੀ ਨਬੁਵੱਤ ਅਤੇ ਰਿਸਾਲਤ[2] ਮੁਹਮੱਦ ਅਤੇ ਅਹਮਦ ਹੋਣ ਦੇ ਹਿਸਾਬ ਨਾਲ ਹੈ। ਨ ਮੇਰੇ ਨਫ਼ਸ ਦੇ ਹਿਸਾਬ ਨਾਲ ਅਤੇ ਇਹ ਨਾਂ ਫ਼ਨਾ ਫ਼ਿਰੱਸੂਲ ਮੈਨੂੰ ਮਿਲਿਆ। ਸੋ, ਖ਼ਾਤਮਨੱਬੀਯੀਨ ਦੇ ਅਰਥਾਂ ਵਿਚੱ ਅੰਤਰ ਨ ਆਇਆ। ਪਰ ਈਸਾ ਅਲੈਹਿ ਸਲਾਮ ਦੇ ਆਉਣ ਨਾਲ ਜ਼ਰੂਰ

[1] ਅਰਥਾਤ : ਹਜ਼ਰਤ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਤੁਹਾਡੇ ਵਿੱਚੋਂ ਕਿਸੇ ਵੀ ਮਰਦ ਦੇ ਪਿਤਾ ਨਹੀਂ ਸਨ ਅਤੇ ਨ ਹਨ, (ਨਾ ਹੋਣਗੇ), ਪਰ ਅੱਲਾਹ ਦੇ ਰਸੂਲ ਹਨ ਅਤੇ ਖ਼ਾਤਮਨੱਬੀਯੀਨ (ਅਰਥਾਤ ਨਬੀਆਂ ਦੀ ਮੋਹਰ) ਹਨ।

(ਸੂਰਤੁਲੱ ਅਹਜ਼ਾਬ 33/41)

[2] ਅਰਥਾਤ ਅਵਤਾਰ ਹੋਣਾ ਅਨੁਵਾਦਕ

ਅੰਤਰ ਆਵੇਗਾ ਅਤੇ ਇਹ ਵੀ ਯਾਦ ਰਹੇ ਕਿ ਨਬੀ ਦੇ ਅਰਥ ਭਾਸ਼ਾ ਕੋਸ਼ ਅਨੁਸਾਰ ਇਹ ਹਨ ਕਿ ਰਬੱ ਵੱਲੋਂ ਖ਼ਬਰ ਪਾ ਕੇ ਗ਼ੈਬ ਦੀ ਖ਼ਬਰ ਦੇਣ ਵਾਲਾ। ਸੋ, ਜਿੱਥੇ ਇਹ ਅਰਥ ਪੂਰੇ ਹੋਣਗੇ। ਨਬੀ ਦਾ ਸ਼ਬਦ ਵੀ ਪੂਰਾ ਹੋਵੇਗਾ ਅਤੇ ਨਬੀ ਦਾ ਰਸੂਲ ਹੋਣਾ ਸ਼ਰਤ ਹੈ ਕਿਉਂਕਿ ਜੇਕਰ ਉਹ ਰਸੂਲ ਨ ਹੋਣ ਤਾਂ ਫ਼ਿਰ ਗ਼ੈਬ ਦੀ ਸਪਸ਼ਟ ਅਤੇ ਪਵਿਤੱਰ ਖ਼ਬਰ ਉਸ ਨੂੰ ਮਿਲ ਨਹੀਂ ਸਕਦੀ ਅਤੇ ਇਹ ਆਇਤ ਰੋਕਦੀ ਹੈ ਕਿ

فَلَا يُظْهِرُ عَلَىٰ غَيْبِهِۦٓ أَحَدًا إِلَّا مَنِ ٱرْتَضَىٰ مِن رَّسُولٍ[1]

ਹੁਣ ਜੇਕਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਬਾਦ ਇਹਨਾਂ ਅਰਥਾਂ ਅਨੁਸਾਰ ਨਬੀ ਹੋਣ ਤੋਂ ਇੰਨਕਾਰ ਕੀਤਾ ਜਾਵੇ ਤਾਂ ਇਸ ਨਾਲ ਲਾਜ਼ਮ ਆਉਂਦਾ ਹੈ ਕਿ ਇਹ ਵਿਸ਼ਵਾਸ ਰਖਿੱਆ ਜਾਵੇ ਕਿ ਇਹ ਉਮੱਤ ਰੱਬੀ ਵਹੀ ਅਤੇ ਆਕਾਸ਼ਬਾਣੀ ਤੋਂ ਵਾਂਝੀ ਹੈ। ਕਿਉਂਕਿ ਜਿਸ ਦੇ ਹਥੱ ਉੱਤੇ ਗ਼ੈਬ ਦੀਆਂ ਖ਼ਬਰਾਂ ਰਬੱ ਵੱਲੋਂ ਪ੍ਰਕਟ ਹੋਣਗੀਆਂ ਜ਼ਰੂਰ ਉਸ ਉੱਤੇ ਆਇਤ

فَلَا يُظْهِرُ عَلَىٰ غَيْبِهِۦٓ

ਅਨੁਸਾਰ ਨਬੀ ਦੇ ਅਰਥ ਪੂਰੇ ਹੋਣਗੇ। ਇੰਞ ਹੀ ਜੋ ਰਬੱ ਵੱਲੋਂ ਭੇਜਿਆ ਜਾਏਗਾ। ਉਸੇ ਨੂੰ ਅਸੀਂ ਰਸੂਲ ਕਹਾਂਗੇ। ਇਸ ਵਿਚੱਕਾਰ ਅੰਤਰ ਇਹ

---

[1] ਅਰਥਾਤ : ਉਹੋ (ਅੱਲਾਹ) ਹੀ ਹੈ ਅਤੇ ਉਹ ਆਪਣੇ ਗੁਪਤ-ਗਿਆਨ ਉੱਤੇ ਕਿਸੇ ਨੂੰ ਗ਼ਲਬਾ ਨਹੀਂ ਦਿੰਦਾ। ਛੁਟੱ ਅਜਿਹੇ ਰਸੂਲ ਦੇ, ਜਿਸ ਨੂੰ ਕਿ ਉਹ ਇਸ ਕਾਰਜ ਲਈ ਪਸੰਦ ਕਰ ਲੈਂਦਾ ਹੈ। (ਸੂਰਤੁਲੱ ਜਿਨੱ 72/27-28)

ਹੈ ਕਿ ਸਾਡੇ ਨਬੀ ਸਲੱਲਾਹੋ ਅਲੈਹਿ ਵਸਲੱਮ ਦੇ ਬਾਦ ਅੰਤਿਮ ਦਿਨ ਤਕੱ ਅਜਿਹਾ ਕੋਈ ਨਬੀ ਨਹੀਂ ਆ ਸਕਦਾ। ਜਿਸ ਉੱਤੇ ਨਵੀਂ ਸ਼ਰੀਅਤ ਉਤਰੇ ਜਾਂ ਜਿਸ ਨੂੰ ਆਪ ਸਲੱਲਾਹੋ ਅਲੈਹਿ ਵਸਲੱਮ ਤੋਂ ਬਿਨਾਂ ਅਤੇ ਅਜਿਹੀ ਫ਼ਨਾ ਫ਼ਿਰੱਸੂਲ ਦੀ ਹਾਲਤ ਦੇ, ਜੋ ਆਕਾਸ਼ ਉੱਤੇ ਉਸ ਦਾ ਨਾਂ ਮੁਹਮੱਦ ਅਤੇ ਅਹਮਦ ਰਖਿੱਆ ਜਾਵੇ। ਇੰਞ ਹੀ ਨਬੁਵਤੱ ਦਾ ਨਾਂ ਦਿੱਤਾ ਜਾਵੇ [1] وَمَنِ ادَّعٰی فَقَد کَفَرَ

ਇਸ ਵਿਚੱ ਅਸਲ ਭੇਦ ਇਹੀ ਹੈ ਕਿ ਖ਼ਾਤਮਨੱਬੀਯੀਨ ਦੇ ਅਰਥ ਚਾਹੁੰਦੇ ਹਨ ਕਿ ਜਦੱ ਤਕੱ ਭਿੰਨਤਾ ਦਾ ਮਾਸਾ ਜਿਹਾ ਅੰਤਰ ਬਾਕੀ ਹੈ। ਉਦੋਂ ਤਕੱ ਜੇਕਰ ਕੋਈ ਨਬੀ ਅਖਵਾਏਗਾ ਤਾਂ ਸਮਝ ਲਓ ਕਿ ਉਸ ਮੋਹਰ ਨੂੰ ਤੋੜ੍ਹਣ ਵਾਲਾ ਹੋਵੇਗਾ, ਜੋ ਖ਼ਾਤਮਨੱਬੀਯੀਨ ਉੱਤੇ ਹੈ। ਪਰ ਜੇਕਰ ਕੋਈ ਵਿਅਕਤੀ ਉਸੇ ਖ਼ਾਤਮਨੱਬੀਯੀਨ ਵਿਚੱ ਅਜਿਹਾ ਗੁਆਚ ਜਾਵੇ ਕਿ ਅਤਿਅੰਤ ਓਪਰਾਪਨ ਅਤੇ ਅੰਤਰ ਦੂਰ ਕਰਕੇ ਉਸੇ ਦਾ ਨਾਂ ਪਾ ਲਿਆ ਹੋਵੇ ਅਤੇ ਸਾਫ਼ ਸ਼ੀਸ਼ੇ ਵਾਂਗ ਮੁਹਮੱਦੀ ਚਿਹਰੇ ਦਾ ਉਸ ਵਿਚੱ ਪ੍ਰਤਿਬਿੰਬ ਬਣ ਗਿਆ ਹੋਵੇ ਤਾਂ ਉਹ ਬਿਨਾਂ ਮੋਹਰ ਤੋੜ੍ਹਣ ਦੇ ਨਬੀ ਅਖਵਾ ਸਕਦਾ ਹੈ। ਕਿਉਂਕਿ ਉਹ ਮੁਹਮੱਦ ਹੈ ਭਾਵੇਂ ਜ਼ਿੱਲ੍ਹੀ ਤੌਰ ਉੱਤੇ। ਸੋ, ਉਸ ਵਿਅਕਤੀ ਦੇ ਨਬੁਵੱਤ ਦੇ ਦਾਅਵੇ ਦੇ ਬਾਦ ਵੀ ਜਿਸ ਦਾ ਨਾਂ ਜ਼ਿੱਲ੍ਹੀ ਤੌਰ ਉੱਤੇ ਮੁਹਮੱਦ ਅਤੇ ਅਹਮਦ ਰਖਿੱਆ ਗਿਆ। ਫ਼ਿਰ ਵੀ ਸਾਡੇ ਆਕਾ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਖ਼ਾਤਮਨੱਬੀਯੀਨ ਹੀ ਰਹੇ।

[1] ਅਤੇ ਜੋ ਅਜਿਹਾ ਦਾਅਵਾ ਕਰਦਾ ਹੈ, ਉਹ ਕਾਫ਼ਰ ਹੈ। ਅਨੁਵਾਦਕ

ਕਿਉਂਕਿ ਇਹ ਦੂਜਾ ਮੁਹਮੱਦ ਉਸੇ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦੀ ਤਸਵੀਰ ਅਤੇ ਉਸੇ ਦਾ ਨਾਂ ਹੈ। ਪਰ ਈਸਾ ਬਿਨਾ ਮੋਹਰ ਤੋੜ੍ਹਣ ਦੇ ਆ ਨਹੀਂ ਸਕਦਾ। ਕਿਉਂਕਿ ਉਸ ਦੀ ਨਬੁਵੱਤ ਇਕੱ ਵਖੱਰੀ ਨਬੁਵੱਤ ਹੈ ਅਤੇ ਜੇਕਰ ਬਰੂਜ਼[1] ਦੇ ਅਰਥਾਂ ਦੇ ਅਨੁਸਾਰ ਵੀ ਕੋਈ ਵਿਅਕਤੀ ਨਬੀ ਅਤੇ ਰਸੂਲ ਨਹੀਂ ਹੋ ਸਕਦਾ। ਤਾਂ ਫ਼ਿਰ ਇਸ ਦੇ ਕੀ ਅਰਥ ਹਨ ਕਿ

اِهدِنَا الصِّرَاطَ المُستَقِيمَ ○ صِرَاطَ الَّذِينَ اَنعَمتَ عَلَيهِم *[2]

[1] ਬਰੂਜ਼ ਦਾ ਅਰਥ ਹੈ- ਜ਼ਿਲੱ੍ਹ, ਪ੍ਰਤਿਬਿੰਬ, ਪ੍ਰਤਿਰੂਪ, ਪਰਤੋਹ, ਪਰਛਾਵਾਂ, ਸਾਇਆ ਆਦਿ ਅਨੁਵਾਦਕ

[2] ਅਰਥਾਤ : ਤੂੰ ਸਾਨੂੰ ਸਿੱਧੇ ਮਾਰਗ ਵਲ੍ਹੱ ਲਾਈ ਰਖੱ। ਉਹਨਾਂ ਲੋਕਾਂ ਦੇ ਮਾਰਗ ਵਲ੍ਹੱ, ਜੋ ਤੇਰੀ ਕਿਰਪਾ ਦੇ ਪਾਤਰ ਬਣੇ (ਸੂਰਤੁਲ ਫ਼ਾਤਿਹਾ 01/06-07)

* ਇਹ ਜ਼ਰੂਰ ਯਾਦ ਰੱਖੋ ਕਿ ਇਸ ਉਮੱਤ ਲਈ ਵਚਨ ਹੈ ਕਿ ਉਹ ਹਰ ਇਕੱ ਅਜਿਹੇ ਉਪਹਾਰ ਪਾਏਗੀ, ਜੋ ਪਹਿਲੇ ਨਬੀ ਅਤੇ ਸਦੀਕ ਪਾ ਚੁੱਕੇ। ਸੋ, ਉਨ੍ਹਾਂ ਉਪਹਾਰਾਂ ਵਿਚੋਂ ਉਹ ਨਬੁਵੱਤ ਅਤੇ ਭਵਿਖੱਬਾਣੀ ਵੀ ਹੈ। ਜਿਸ ਅਨੁਸਾਰ ਅੰਬੀਆ ਅਲੈਹਿਮੁਸੱਲਾਮ ਨਬੀ ਅਖ਼ਵਾਉਂਦੇ ਰਹੇ। ਪਰ ਕੁਰਆਨੇ ਸ਼ਰੀਫ਼ ਨਬੀ ਅਤੇ ਰਸੂਲ ਹੋਣ ਤੋਂ ਬਿਨਾਂ ਦੂਜੀਆਂ ਉੱਤੇ ਗ਼ੈਬ ਦੇ ਗਿਆਨ ਦਾ ਬੂਹਾ ਬੰਦ ਕਰਦਾ ਹੈ। ਜਿਵੇਂ ਕਿ ਆਇਤ

فَلَا يُظۡهِرُ عَلَىٰ غَيۡبِهِۦٓ أَحَدًا إِلَّا مَنِ ٱرۡتَضَىٰ مِن رَّسُولٖ

ਅਰਥਾਤ " ਉਹੋ (ਅੱਲਾਹ) ਹੀ ਹੈ ਅਤੇ ਉਹ ਆਪਣੇ ਗੁਪਤ-ਗਿਆਨ ਉੱਤੇ ਕਿਸੇ ਨੂੰ ਗ਼ਲਬਾ ਨਹੀਂ ਦਿੰਦਾ। ਛੁਟੱ ਅਜਿਹੇ ਰਸੂਲ ਦੇ, ਜਿਸ ਨੂੰ ਕਿ ਉਹ ਇਸ ਕਾਰਜ ਲਈ ਪਸੰਦ ਕਰ ਲੈਂਦਾ ਹੈ " ਤੋਂ ਪ੍ਰਕਟ ਹੈ। ਸੋ, ਸਪਸ਼ਟ ਗ਼ੈਬ

ਸੋ, ਯਾਦ ਰਖੱਣਾ ਚਾਹੀਦਾ ਹੈ ਕਿ ਇਹਨਾਂ ਅਰਥਾਂ ਅਨੁਸਾਰ ਮੈਨੂੰ ਨਬੁਵੱਤ ਅਤੇ ਰਿਸਾਲਤ ਤੋਂ ਇੰਨਕਾਰ ਨਹੀਂ ਹੈ । ਇੰਞ ਹੀ ਸਹੀ ਮੁਸਲਿਮ ਵਿਚੱ ਵੀ ਮਸੀਹ ਮੌਊਦ ਦਾ ਨਾਂ ਨਬੀ ਰਖਿੱਆ ਗਿਆ। ਜੇਕਰ ਰਬੱ ਤੋਂ ਗ਼ੈਬ ਦੀ ਖ਼ਬਰਾਂ ਪਾਉਣ ਵਾਲਾ ਨਬੀ ਦਾ ਨਾਂ ਨਹੀਂ ਰਖੱਦਾ ਤਾਂ ਫ਼ਿਰ ਦੱਸੋ ਕਿਸ ਨਾਂ ਨਾਲ ਉਸ ਨੂੰ ਸਦਿੱਆ ਜਾਵੇ। ਜੇਕਰ ਕਹਿਣ ਕਿ ਉਸ ਦਾ ਨਾਂ ਮੁਹਦਿੱਸ[1] ਰਖੱਣਾ ਚਾਹੀਦਾ ਹੈ ਤਾਂ ਮੈਂ ਕਹਿੰਦਾ ਹਾਂ ਤਹਦੀਸ[2] ਦੇ ਅਰਥ ਕਿਸੇ ਭਾਸ਼ਾ ਕੋਸ਼ ਵਿਚੱ ਗ਼ੈਬ ਦੀਆਂ ਖ਼ਬਰਾਂ ਦਸੱਣਾ ਨਹੀਂ ਹਨ ਪਰ ਨਬੁਵੱਤ ਦੇ ਅਰਥ ਗ਼ੈਬ ਦੀਆਂ ਗੱਲ੍ਹਾਂ ਦਸੱਣਾ ਹਨ ਅਤੇ ਨਬੀ ਇਕੱ ਸ਼ਬਦ ਹੈ ਜੋ ਅਰਬੀ ਅਤੇ ਇਬਰਾਨੀ ਵਿਚੱ ਸਾਂਞਾ ਹੈ । ਅਰਥਾਤ ਇਬਰਾਨੀ ਵਿਚੱ ਇਸੇ ਸ਼ਬਦ ਨੂੰ ਨਾਬੀ ਕਹਿੰਦੇ ਹਨ ਅਤੇ ਇਹ ਸ਼ਬਦ ਨਾਬਾ ਤੋਂ ਨਿਕਲਿਆ ਹੈ । ਜਿਸ ਦੇ ਅਰਥ ਹਨ ਰਬੱ ਤੋਂ ਖ਼ਬਰ ਪਾ ਕੇ ਭਵਿਖੱਬਾਣੀ ਕਰਨਾ ਅਤੇ ਨਬੀ ਲਈ ਸ਼ਰੀਅਤ ਵਾਲਾ ਹੋਣਾ ਸ਼ਰਤ ਨਹੀਂ

---

ਪਾਉਣ ਲਈ ਨਬੀ ਹੋਣਾ ਜ਼ਰੂਰੀ ਹੋਇਆ ਅਤੇ ਆਇਤ اَنۡعَمۡتَ عَلَیۡہِمۡ ਗਵਾਹੀ ਦਿੰਦੀ ਹੈ ਕਿ ਇਸ ਸਪਸ਼ਟ ਗ਼ੈਬ ਤੋਂ ਇਹ ਉਮੱਤ ਵਾਂਞੀ ਨਹੀਂ ਅਤੇ ਸਪਸ਼ਟ ਗ਼ੈਬ ਜਿਵੇਂ ਕਿ ਆਇਤ ਵਿਚੱ ਦਸਿੱਆ ਨਬੁਵੱਤ ਅਤੇ ਰਿਸਾਲਤ ਨੂੰ ਚਾਹੁੰਦੀ ਹੈ ਅਤੇ ਉਹ ਸਿੱਧੇ ਤੌਰ ਉੱਤੇ ਬੰਦ ਹੈ । ਇਸ ਲਈ ਮੰਨਣਾ ਪੈਂਦਾ ਹੈ ਕਿ ਇਸ ਰੱਬੀ ਉਪਹਾਰ ਲਈ ਕੇਵਲ ਬਰੂਜ਼, ਜ਼ਿਲ੍ਹੱ ਅਤੇ ਫ਼ਨਾ ਫ਼ਿਰੱਸੂਲ ਦਾ ਬੂਹਾ ਖੁੱਲ੍ਹਾ ਹੈ। ਫ਼ਤਦਬੱਰੂ (ਸੋ ਗ਼ੌਰ ਕਰੋ) ।

[1] ਨਵੀਂ ਗਲ੍ਹੱ ਕਰਨ ਵਾਲਾ ਅਨੁਵਾਦਕ

[2] ਨਵੀਂ ਗਲ੍ਹੱ ਕਰਨਾ ਅਨੁਵਾਦਕ

ਹੈ । ਇਹ ਕੇਵਲ ਰੱਬੀ ਉਪਹਾਰ ਹੈ । ਜਿਸ ਰਾਹੀਂ ਗ਼ੈਬੀ ਰਾਜ਼ ਖੁਲ੍ਹੱਦੇ ਹਨ । ਸੋ, ਮੈਂ ਜਦੱ ਕਿ ਹੁਣ ਤਕੱ ਢੇਡ ਸੌ ਦੇ ਕਰੀਬ ਭਵਿਖੱਬਾਣੀਆਂ ਰਬੱ ਵੱਲੋਂ ਪਾ ਕੇ ਅੱਖੀਂ ਵੇਖ ਚੁਕਿੱਆਂ ਹਾਂ ਕਿ ਸਾਫ਼ ਤੌਰ ਉੱਤੇ ਪੂਰੀਆਂ ਹੋ ਗਈਆਂ ਤਾਂ ਮੈਂ ਆਪਣੇ ਬਾਰੇ ਨਬੀ ਜਾਂ ਰਸੂਲ ਦੇ ਨਾਂ ਤੋਂ ਕਿਵੇਂ ਇੰਨਕਾਰ ਕਰ ਸਕਦਾ ਹਾਂ ਅਤੇ ਜਦੱ ਕਿ ਆਪ ਰਬੱ ਨੇ ਇਹ ਨਾਂ ਮੇਰੇ ਰੱਖੇ ਹਨ ਤਾਂ ਮੈਂ ਕਿਵੇਂ ਇੰਨਕਾਰ ਕਰਾਂ ਜਾਂ ਕਿਵੇਂ ਉਸ ਤੋਂ ਬਿਨਾਂ ਕਿਸੇ ਹੋਰ ਤੋਂ ਡਰਾਂ ਮੈਨੂੰ ਉਸ ਰਬੱ ਦੀ ਸੌਂਹ ਹੈ ਜਿਸ ਨੇ ਮੈਨੂੰ ਭੇਜਿਆ ਹੈ ਅਤੇ ਜਿਸ ਬਾਰੇ ਝੂਠੱ ਬੋਲਣਾ ਲਾਨ੍ਹਤੀਆਂ ਦਾ ਕੰਮ ਹੈ ਕਿ ਉਸ ਨੇ ਮਸੀਹ ਮੌਊਦ ਬਣਾ ਕੇ ਮੈਨੂੰ ਭੇਜਿਆ ਹੈ ਅਤੇ ਮੈਂ ਜਿਵੇਂ ਕਿ ਕੁਰਆਨ ਕਰੀਮ ਦੀ ਆਇਤ ਉੱਤੇ ਵਿਸ਼ਵਾਸ ਰਖੱਦਾ ਹਾਂ । ਇੰਞ ਹੀ ਇਕੱ ਕਣ ਦੇ ਅੰਤਰ ਤੋਂ ਬਿਨਾਂ ਰਬੱ ਦੀ ਇਸ ਖੁੱਲ੍ਹੀ ਖੁੱਲੀ ਵਹੀ ਉੱਤੇ ਵਿਸ਼ਵਾਸ ਰਖੱਦਾ ਹਾਂ, ਜੋ ਮੈਨੂੰ ਹੋਈ । ਜਿਸ ਦੀ ਸੱਚਾਈ ਉਸ ਦੇ ਨਿਰੰਤਰ ਨਿਸ਼ਾਨਾਂ ਨਾਲ ਮੇਰੇ ਉੱਤੇ ਖੁਲ੍ਹੱ ਗਈ ਹੈ ਅਤੇ ਮੈਂ ਬੈਅਤੁੱਲਾਹ (ਖ਼ਾਨਾ ਕਾਅਬਾ, ਮੱਕਾ ਸ਼ਰੀਫ਼) ਵਿਚੱ ਖੜ੍ਹੇ ਹੋ ਕੇ ਇਹ ਕਸਮ ਖਾ ਸਕਦਾ ਹਾਂ ਕਿ ਉਹ ਪਾਕ ਵਹੀ ਜੋ ਮੇਰੇ ਉੱਤੇ ਨਾਜ਼ਲ ਹੁੰਦੀ ਹੈ । ਉਹ ਉਸੇ ਰਬੱ ਦਾ ਕਲਾਮ ਹੈ । ਜਿਸ ਨੇ ਹਜ਼ਰਤ ਮੂਸਾ ਅਤੇ ਹਜ਼ਰਤ ਈਸਾ ਅਤੇ ਹਜ਼ਰਤ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਉੱਤੇ ਆਪਣਾ ਕਲਾਮ ਨਾਜ਼ਲ ਕੀਤਾ । ਮੇਰੇ ਲਈ ਜ਼ਮੀਨ ਨੇ ਵੀ ਗਵਾਹੀ ਦਿੱਤੀ ਅਤੇ ਆਕਾਸ਼ ਨੇ ਵੀ । ਇੰਞ ਮੇਰੇ ਲਈ ਆਕਾਸ਼ ਵੀ ਬੋਲਿਆ ਅਤੇ ਜ਼ਮੀਨ ਵੀ ਕਿ ਮੈਂ ਖ਼ਲੀਫ਼ਾਤੁੱਲਾਹ (ਰਬੱ ਦਾ ਖ਼ਲੀਫ਼ਾ) ਹਾਂ । ਪਰ ਭਵਿਖੱਬਾਣੀਆਂ

ਅਨੁਸਾਰ ਜ਼ਰੂਰੀ ਸੀ ਕਿ ਇੰਨਕਾਰ ਵੀ ਕੀਤਾ ਜਾਂਦਾ। ਇਸੇ ਲਈ ਜਿਨ੍ਹਾਂ ਦੇ ਦਿਲ੍ਹਾਂ ਉੱਤੇ ਪਰਦੇ ਹਨ। ਉਹ ਮੰਨ ਨਹੀਂ ਸਕਦੇ। ਮੈਂ ਜਾਣਦਾ ਹਾਂ ਕਿ ਜ਼ਰੂਰ ਰਬੱ ਮੇਰੀ ਮਦਦ ਕਰੇਗਾ। ਜਿਵੇਂ ਕਿ ਉਹ ਸਦਾ ਆਪਣੇ ਰਸੂਲਾਂ ਦੀ ਮਦਦ ਕਰਦਾ ਰਿਹਾ ਹੈ। ਕੋਈ ਨਹੀਂ ਕਿ ਮੇਰੇ ਮੁਕਾਬਲੇ ਉੱਤੇ ਠਹਿਰ ਸਕੇ। ਕਿਉਂਕਿ ਰਬੱ ਦੀ ਮਦਦ ਉਹਨਾਂ ਨਾਲ ਨਹੀਂ ਅਤੇ ਜਿੱਥੇ ਜਿੱਥੇ ਮੈਂ ਨਬੁਵੱਤ ਜਾਂ ਰਿਸਾਲਤ ਤੋਂ ਇੰਨਕਾਰ ਕੀਤਾ ਹੈ। ਕੇਵਲ ਇਹਨਾਂ ਅਰਥਾਂ ਵਿਚੱ ਕੀਤਾ ਹੈ ਕਿ ਮੈਂ (ਕੁਰਆਨ ਤੋਂ ਹਟੱ ਕੇ ਵਖੱਰੇ ਤੌਰ ਉੱਤੇ) ਕੋਈ ਸ਼ਰੀਅਤ ਲਿਆਉਣ ਵਾਲਾ ਨਹੀਂ ਹਾਂ ਅਤੇ ਨ ਮੈਂ (ਕੁਰਆਨ ਅਤੇ ਰਸੂਲ ਸਲੱਲਾਹੋ ਅਲੈਹਿ ਵਸਲੱਮ ਤੋਂ ਹਟੱ ਕੇ ਵਖੱਰੇ ਤੌਰ ਉੱਤੇ ) ਨਬੀ ਹਾਂ। ਪਰ ਇਹਨਾਂ ਅਰਥਾਂ ਵਿਚੱ ਕਿ ਮੈਂ ਆਪਣੇ ਰਸੂਲ (ਅਰਥਾਤ ਹਜ਼ਰਤ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ) ਤੋਂ ਅਧਿਆਤਮਿਕ ਬਰਕਤਾਂ ਪ੍ਰਾਪਤ ਕਰਕੇ ਅਤੇ ਆਪਣੇ ਲਈ ਉਸ ਦਾ ਨਾਂ ਪਾ ਕੇ ਉਸ ਰਾਹੀਂ ਰਬੱ ਵੱਲੋਂ ਗ਼ੈਬ ਦਾ ਗਿਆਨ ਪਾਇਆ ਹੈ। ਰਸੂਲ ਅਤੇ ਨਬੀ ਹਾਂ, ਪਰ ਬਿਨਾਂ ਕਿਸੇ ਨਵੀਂ ਸ਼ਰੀਅਤ ਦੇ। ਅਜਿਹਾ ਨਬੀ ਅਖ਼ਵਾਉਣ ਤੋਂ ਮੈਂ ਕਦੇ ਇੰਨਕਾਰ ਨਹੀਂ ਕੀਤਾ। ਸਗੋਂ ਇਹਨਾਂ ਹੀ ਅਰਥਾਂ ਵਿਚੱ ਰਬੱ ਨੇ ਮੈਨੂੰ ਨਬੀ ਅਤੇ ਰਸੂਲ ਕਰਕੇ ਸਦਿੱਆ ਹੈ। ਸੋ ਹੁਣ ਵੀ ਮੈਂ ਇਹਨਾਂ ਅਰਥਾਂ ਵਿਚੱ ਨਬੀ ਅਤੇ ਰਸੂਲ ਹੋਣ ਤੋਂ ਇੰਨਕਾਰ ਨਹੀਂ ਕਰਦਾ ਅਤੇ ਮੇਰਾ ਇਹ ਕਥਨ ਕਿ

من نیستم رسول ونیاوردہ اَم کتاب[1]

ਇਸ ਦੇ ਅਰਥ ਕੇਵਲ ਇਹ ਹਨ ਕਿ ਮੈਂ ਸ਼ਰੀਅਤ ਵਾਲਾ (ਰਸੂਲ) ਨਹੀਂ ਹਾਂ। ਹਾਂ ਇਹ ਗਲੱ ਵੀ ਯਾਦ ਰਖੱਣੀ ਚਾਹੀਦੀ ਹੈ ਅਤੇ ਕਦੇ ਵੀ ਭੁਲੱਣੀ ਨਹੀਂ ਚਾਹੀਦੀ ਕਿ ਮੈਂ ਨਬੀ ਅਤੇ ਰਸੂਲ ਦੇ ਸ਼ਬਦ ਨਾਲ ਪੁਕਾਰੇ ਜਾਣ ਦੇ ਬਾਦ ਵੀ ਰਬੱ ਵੱਲੋਂ ਖ਼ਬਰ ਦਿੱਤਾ ਗਿਆ ਹਾਂ ਕਿ ਇਹ ਸਾਰੀਆਂ ਬਰਕਤਾਂ ਸਿਧੱਿਆਂ ਮੇਰੇ ਉੱਤੇ ਨਹੀਂ ਹਨ। ਸਗੋਂ ਆਕਾਸ਼ ਉੱਤੇ ਇਕੱ ਪਾਕ ਹਸਤੀ ਹੈ। ਜਿਸ ਦੀ ਅਧਿਆਤਮਿਕਤਾ ਮੇਰੇ ਨਾਲ ਹੈ। ਅਰਥਾਤ ਹਜ਼ਰਤ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ। ਉਸ ਮਾਧਿਅਮ ਦਾ ਧਿਆਨ ਰਖੱ ਕੇ ਅਤੇ ਉਸ ਵਿਚੱ ਹੋ ਕੇ ਅਤੇ ਉਸ ਦੇ ਨਾਂ ਮੁਹਮੱਦ ਅਤੇ ਅਹਮਦ ਤੋਂ ਨਾਂ ਪ੍ਰਾਪਤ ਕਰਕੇ ਮੈਂ ਰਸੂਲ ਵੀ ਹਾਂ ਅਤੇ ਨਬੀ ਵੀ ਹਾਂ। ਅਰਥਾਤ ਭੇਜਿਆ ਗਿਆ ਵੀ ਅਤੇ ਰਬੱ ਤੋਂ ਗ਼ੈਬ ਦੀਆਂ ਖ਼ਬਰਾਂ ਪਾਉਣ ਵਾਲਾ ਵੀ ਅਤੇ ਇੰਞ ਖ਼ਾਤਮਨੱਬੀਯੀਨ ਦੀ ਮੋਹਰ ਸੁਰਖਿੱਅਤ ਰਹੀ। ਕਿਉਂਕਿ ਮੈਂ ਬਰੂਜ਼ੀ ਅਤੇ ਜ਼ਿੱਲ੍ਹੀ ਤੌਰ ਉੱਤੇ ਉਹੀ ਨਾਂ ਪਾਇਆ। ਜੇਕਰ ਕੋਈ ਵਿਅਕਤੀ ਇਸ ਰੱਬੀ ਵਹੀ ਉੱਤੇ ਨਾਰਾਜ਼ ਹੋਵੇ ਕਿ ਕਿਉਂ ਰਬੱ ਨੇ ਮੇਰਾ ਨਾਂ ਨਬੀ ਅਤੇ ਰਸੂਲ ਰਖਿੱਆ ਹੈ ਤਾਂ ਇਹ ਉਸ ਦੀ ਬੇਵਕੂਫ਼ੀ ਹੈ

[1] ਮੰਨ ਨੇਸਤਮ ਰਸੂਲ ਵ ਨਯਾਵਰਦਹ ਅਮੱ ਕਿਤਾਬ
ਅਰਥਾਤ ਮੈਂ ਕੋਈ ਨਵੀਂ ਅਤੇ ਵਖੱਰੀ ਸ਼ਰੀਅਤ ਲਿਆਉਣਾ ਵਾਲਾ ਰਸੂਲ ਨਹੀਂ ਹਾਂ। ਅਨੁਵਾਦਕ

ਕਿਉਂਕਿ ਮੇਰੇ ਨਬੀ ਅਤੇ ਰਸੂਲ ਹੋਣ ਨਾਲ ਰਬੱ ਦੀ ਮੋਹਰ ਨਹੀਂ ਟੁਟੱਦੀ[1] ਇਹ ਗਲੱ ਸਪਸ਼ਟ ਹੈ ਕਿ ਜਿਵੇਂ ਕਿ ਮੈਂ ਆਪਣੇ ਬਾਰੇ ਕਹਿੰਦਾ ਹਾਂ ਕਿ ਰਬੱ ਨੇ ਮੈਨੂੰ ਰਸੂਲ ਅਤੇ ਨਬੀ ਦੇ ਨਾਂ ਨਾਲ ਪੁਕਾਰਿਆ ਹੈ। ਇੰਝ ਹੀ ਮੇਰੇ ਵਿਰੋਧੀ ਹਜ਼ਰਤ ਈਸਾ ਬਿਨ ਮਰਿਅਮ ਬਾਰੇ ਕਹਿੰਦੇ ਹਨ ਕਿ ਉਹ ਸਾਡੇ ਨਬੀ ਸਲੱਲਾਹੋ ਅਲੈਹਿ ਵਸਲੱਮ ਦੇ ਬਾਦ ਮੁੜ੍ਹ ਸੰਸਾਰ ਵਿਚੱ ਆਉਣਗੇ ਅਤੇ ਕਿਉਂਕਿ ਉਹ ਨਬੀ ਹਨ। ਇਸ ਲਈ ਉਨ੍ਹਾਂ ਦੇ ਆਉਣ ਉੱਤੇ ਉਹੀ ਆਰੋਪ ਹੋਵੇਗਾ। ਜੋ ਮੇਰੇ ਉੱਤੇ ਕੀਤਾ ਜਾਂਦਾ ਹੈ। ਅਰਥਾਤ ਇਹ ਕਿ ਖ਼ਾਤਮਨੱਬੀਯੀਨ ਦੀ ਖ਼ਤਮੇ ਨਬੁਵੱਤ ਦੀ ਮੋਹਰ ਟੁਟੱ ਜਾਵੇਗੀ ਪਰ ਮੈਂ ਕਹਿੰਦਾ ਹਾਂ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਬਾਦ ਜੋ ਅਸਲ ਵਿਚੱ ਖ਼ਾਤਮਨੱਬੀਯੀਨ ਸਨ। ਮੈਨੂੰ ਰਸੂਲ ਅਤੇ ਨਬੀ ਦੇ

[1] ਇਹ ਕਿਹੋ ਜਿਹੀ ਸ਼ਾਨਦਾਰ ਗਲੱ ਹੈ ਕਿ ਇੰਝ ਨ ਤਾਂ ਖ਼ਾਤਮਨੱਬੀਯੀਨ ਦੀ ਭਵਿਖੱਬਾਣੀ ਦੀ ਮੋਹਰ ਟੁੱਟੀ ਅਤੇ ਨ ਉਮੱਤ ਦੇ ਸਾਰੇ ਲੋਕ ਨਬੁਵੱਤ ਦੇ ਅਰਥਾਂ ਨਾਲ ਜੋ ਆਇਤ فَلَا يُظْهِرُ عَلَىٰ غَيْبِهِ ਦੇ ਅਨੁਸਾਰ ਵਾਂਝੇ ਰਹੇ। ਪਰ ਹਜ਼ਰਤ ਈਸਾ ਨੂੰ ਮੁੜ੍ਹ ਉਤਾਰਨ ਨਾਲ ਜਿਨ੍ਹਾਂ ਦੀ ਨਬੁਵੱਤ ਇਸਲਾਮ ਤੋਂ ਛੇ ਸੌ ਸਾਲ ਪਹਿਲਾਂ ਹੋ ਚੁੱਕੀ ਹੈ। ਇਸਲਾਮ ਦਾ ਕੁਝੱ ਬਾਕੀ ਨਹੀਂ ਰਹਿੰਦਾ ਅਤੇ ਆਇਤ ਖ਼ਾਤਮਨੱਬੀਯੀਨ ਦਾ ਸਪਸ਼ਟ ਇੰਨਕਾਰ ਲਾਜ਼ਮ ਆਉਂਦਾ ਹੈ। ਇਸ ਦੇ ਮੁਕਾਬਲੇ ਉੱਤੇ ਅਸੀਂ ਕੇਵਲ ਵਿਰੋਧਿਆਂ ਦੀਆਂ ਗਾਲ੍ਹਾਂ ਸੁਣਾਂਗੇ। ਸੋ ਗਾਲਾਂ ਦੇਣ وَسَيَعْلَمُ ٱلَّذِينَ ظَلَمُوٓا۟ أَىَّ مُنقَلَبٍ يَنقَلِبُونَ ਅਰਥਾਤ " ਅਤੇ ਜ਼ਾਲਮ ਲੋਕ ਜ਼ਰੂਰ ਜਾਣ ਲੈਣਗੇ ਕਿ ਉਹ ਕਿਹੜ੍ਹੇ ਟਿਕਾਣੇ ਵਲੱ ਪਰਤ ਕੇ ਜਾਣਗੇ ? "

(ਸੂਰਤੁਸ਼ੁੱਅਰਾ 26/228)

ਸ਼ਬਦ ਨਾਲ ਸਦੱਣਾ ਕੋਈ ਆਰੋਪ ਦੀ ਗਲੱ ਨਹੀਂ ਅਤੇ ਨ ਇਸ ਨਾਲ ਖ਼ਤਮੇ ਨਬੁਵੱਤ ਦੀ ਮੋਹਰ ਟੁਟੱਦੀ ਹੈ । ਕਿਉਂਕਿ ਮੈਂ ਵਾਰ ਵਾਰ ਕਹਿ ਚੁਕਿੱਆ ਹਾਂ ਕਿ ਮੈਂ ਆਇਤ

وَاٰخَرِيْنَ مِنْهُمْ لَمَّا يَلْحَقُوْا بِهِمْ[1]

ਅਨੁਸਾਰ ਬਰੂਜ਼ੀ ਤੌਰ ਉੱਤੇ ਉਹੀ ਨਬੀ ਖ਼ਾਤਮੁਲੱ ਅੰਬੀਆ ਹਾਂ ਅਤੇ ਰਬੱ ਨੇ ਅਜੱ ਤੋਂ ਵੀਹ ਸਾਲ ਪਹਿਲਾਂ ਬਰਾਹੀਨੇ ਅਹਮਦੀਆ ਵਿਚੱ ਮੇਰਾ ਨਾਂ ਮੁਹਮੱਦ ਅਤੇ ਅਹਮਦ ਰਖਿੱਆ ਹੈ ਅਤੇ (ਅਧਿਆਤਮਿਕ ਤੌਰ ਉੱਤੇ) ਮੈਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਹੀ ਹਸਤੀ ਕਰਾਰ ਦਿੱਤਾ ਹੈ। ਸੋ, ਇੰਝ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਖ਼ਾਤਮੁਲੱ ਅੰਬੀਆ ਹੋਣ ਵਿਚੱ ਮੇਰੀ ਨਬੁਵੱਤ ਨਾਲ ਕੋਈ ਅੰਤਰ ਨਹੀਂ ਆਇਆ। ਕਿਉਂਕਿ ਜ਼ਿਲੱ ਆਪਣੇ ਅਸਲ ਤੋਂ ਵਖੱ ਨਹੀਂ ਹੁੰਦਾ ਅਤੇ ਕਿਉਂਕਿ ਮੈਂ ਜ਼ਿੱਲੀ ਤੌਰ ਉੱਤੇ ਮੁਹਮੱਦ ਹਾਂ ਸਲੱਲਾਹੋ ਅਲੈਹਿ ਵਸਲੱਮ । ਸੋ, ਇੰਝ ਖ਼ਾਤਮਨੱਬੀਯੀਨ ਦੀ ਮੋਹਰ ਨਹੀਂ ਟੁਟੱਦੀ । ਕਿਉਂਕਿ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦੀ ਨਬੁਵੱਤ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਤਕੱ ਹੀ ਸੀਮਿਤ ਰਹੀ । ਅਰਥਾਤ ਹਰ ਹਾਲ ਵਿਚੱ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਹੀ ਨਬੀ ਰਹੇ ਨ ਕੋਈ ਹੋਰ । ਅਰਥਾਤ ਜਦੱ ਕਿ ਮੈਂ

[1] ਅਰਥਾਤ : ਅਤੇ ਉਹਨਾਂ ਤੋਂ ਛੁਟੱ ਇਕੱ ਦੂਜੀ ਕੌਮ ਵਿਚੱ ਵੀ ਉਹ ਉਸ ਨੂੰ ਭੇਜੇਗਾ, ਜੋ ਅਜੇ ਤਕੱ ਉਹਨਾਂ ਨਾਲ ਨਹੀਂ ਮਿਲੀ ।

(ਸੂਰਤੁਲੱ ਜੁਮਆ 62/04)

ਬਰੂਜ਼ੀ ਤੌਰ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਹਾਂ ਅਤੇ ਬਰੂਜ਼ੀ ਰੰਗ ਵਿਚੱ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦੇ ਸਾਰੇ ਕਮਾਲ, ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦੀ ਨਬੁਵੱਤ ਦੇ ਨਾਲ ਮੇਰੇ ਪ੍ਰਤਿਰੂਪੀ ਦਰਪਨ ਵਿਚੱ ਜੜ੍ਹੇ ਹੋਏ ਹਨ ਤਾਂ ਫ਼ਿਰ ਕੌਣ ਹੈ ਜਿਸ ਨੇ ਵਖੱਰੀ ਨਬੁਵੱਤ ਦਾ ਦਾਅਵਾ ਕੀਤਾ। ਭਲਾ ਜੇਕਰ ਮੈਨੂੰ ਨਹੀਂ ਮੰਨਦੇ ਤਾਂ ਇੰਝ ਸਮਝ ਲਓ ਕਿ ਤੁਹਾਡੀ ਹਦੀਸਾਂ ਵਿਚੱ ਲਿਖਿੱਆ ਹੈ ਕਿ ਮਹਦੀ ਮੌਊਦ ਖ਼ਲਕ ਅਤੇ ਖ਼ੁਲਕ[1] ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਵਰਗਾ ਹੋਵੇਗਾ ਅਤੇ ਉਸ ਦਾ ਨਾਂ ਆਪ ਦੇ ਨਾਂ ਅਨੁਸਾਰ ਹੋਵੇਗਾ। ਅਰਥਾਤ ਉਸ ਦਾ ਨਾਂ ਵੀ ਮੁਹਮੱਦ ਅਤੇ ਅਹਮਦ ਹੋਵੇਗਾ ਅਤੇ ਉਸ ਦੇ ਅਹਲੇ ਬੈਅਤ ਵਿਚੋਂ ਹੋਵੇਗਾ[2] ਅਤੇ ਕੁਝੱ ਹਦੀਸਾਂ ਵਿਚੱ ਹੈ ਕਿ ਮੇਰੇ ਵਿੱਚੋਂ

---

[1] ਸ਼ਰੀਰਿਕ ਅਤੇ ਅਧਿਆਤਮਿਕ ਜਨਮ ਅਤੇ ਚਰਿਤੱਰ ਵਿਚੱ---ਅਨੁਵਾਦਕ

[2] ਇਹ ਗਲੱ ਮੇਰੇ ਬਜ਼ੁਰਗਾਂ ਦੀ ਤਾਰੀਖ ਤੋਂ ਸਾਬਤ ਹੈ ਕਿ ਇਕੱ ਦਾਦੀ ਸਾਡੀ ਸ਼ਰੀਫ਼ ਪਰਿਵਾਰ ਸਾਦਾਤ ਵਿੱਚੋਂ ਅਤੇ ਬਨੀ ਫ਼ਾਤਮਾ ਵਿੱਚੋਂ ਸਨ। ਇਸ ਦੀ ਤਸਦੀਕ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਵੀ ਕੀਤੀ ਅਤੇ ਸੁਪਨੇ ਵਿਚੱ ਮੈਨੂੰ ਫ਼ਰਮਾਇਆ ਕਿ

سلمان منا اهل البیت علی مشرب الحسن

ਮੇਰਾ ਨਾਂ ਸਲਮਾਨ ਰਖਿੱਆ। ਅਰਥਾਤ ਦੋ ਸਿਲਮ ਅਤੇ ਸਿਲਮ ਅਰਬੀ ਵਿਚੱ ਸੁਲਾਹ (ਸੁਧਾਰ) ਨੂੰ ਕਹਿੰਦੇ ਹਨ। ਅਰਥਾਤ ਪਹਿਲਾਂ ਤੋਂ ਤੈਅ ਹੈ ਕਿ ਮੇਰੇ ਰਾਹੀਂ ਦੋ ਸੁਧਾਰ (ਸੁਲਾਹ) ਹੋਣਗੇ। ਇਕੱ ਅੰਦਰੂਨੀ ਕਿ ਜੋ ਅੰਦਰੂਨੀ ਈਰਖਾ ਅਤੇ ਕਟੜ੍ਹਤਾ ਨੂੰ ਦੂਰ ਕਰੇਗਾ। ਦੂਜਾ ਬਾਹਰਲਾ ਕਿ ਜੋ ਬਾਹਰਲੀ ਵਿਰੋਧਤਾ

ਦੇ ਕਾਰਨਾਂ ਦਾ ਅੰਤ ਕਰਕੇ ਅਤੇ ਇਸਲਾਮ ਦੀ ਵਡਿੱਆਈ ਵਿਖਾ ਕੇ ਗ਼ੈਰ ਧਰਮ ਵਾਲਿਆਂ ਨੂੰ ਇਸਲਾਮ ਵਲੱ ਝੁੱਕਾ ਦੇਵੇਗਾ ਗਿਆਤ ਹੁੰਦਾ ਹੈ ਕਿ ਹਦੀਸ ਵਿਚੱ ਜੋ ਸਲਮਾਨ ਸ਼ਬਦ ਆਇਆ ਹੈ। ਉਸ ਤੋਂ ਵੀ ਮੈਂ ਮੁਰਾਦ ਹਾਂ। ਨਹੀਂ ਤਾਂ ਉਸ ਸਲਮਾਨ ਉੱਤੇ (ਜੋ ਪਹਿਲਾਂ ਲੰਘ ਚੁਕਿੱਆ ਹੈ) ਦੋ ਸੁਲਾਹ ਹੋਣ ਦੀ ਭਵਿਖੱਬਾਣੀ ਪੂਰੀ ਨਹੀਂ ਹੋਵੇਗੀ ਅਤੇ ਮੈਂ ਰਬੱ ਤੋਂ ਵਹੀ ਪਾ ਕੇ ਕਹਿੰਦਾ ਹਾਂ ਕਿ ਮੈਂ ਬਨੀ ਫ਼ਾਰਸ ਵਿਚੋਂ ਹਾਂ ਅਤੇ ਉਸ ਹਦੀਸ ਕਰਕੇ ਜੋ ਕਨਜ਼ੁਲੱ ਅੱਮਾਲ ਵਿਚੱ ਦਰਜ ਹੈ। ਬਨੀ ਫ਼ਾਰਸ ਵੀ, ਬਨੀ ਇਸਰਾਈਲ ਅਤੇ ਅਹਲੇ ਬੈਅਤ ਵਿੱਚੋਂ ਹਨ ਅਤੇ ਹਜ਼ਰਤ ਫ਼ਾਤਮਾ ਨੇ ਕਸ਼ਫ਼ ਵਿਚੱ ਆਪਣੀ ਗੋਦ ਵਿਚੱ ਮੇਰਾ ਸਿਰ ਰਖਿੱਆ ਅਤੇ ਮੈਨੂੰ ਵਿਖਾਇਆ ਕਿ ਮੈਂ ਉਹਨਾਂ ਵਿੱਚੋਂ ਹਾਂ। ਸੋ, ਇਹ ਕਸ਼ਫ਼ ਬਰਾਹੀਨੇ ਅਹਮਦੀਆ ਵਿਚੱ ਮੋਜੂਦ ਹੈ।

ਪ੍ਰਕਾਸ਼ਕ ਵੱਲੋਂ ਨੋਟ : ਬਰਾਹੀਨੇ ਅਹਮਦੀਆ ਵਿਚੱ ਇਹ ਕਸ਼ਫ਼ ਇੰਞ ਦਰਜ ਹੈ ਕਿ " ਅਤੇ ਇੰਞ ਹੀ ਉਪਰੋਕਤ ਇਲਹਾਮ ਵਿਚੱ ਜੋ ਆਲੇ ਰਸੂਲ ਉੱਤੇ ਦਰੂਦ ਭੇਜਣ ਦਾ ਹੁਕਮ ਹੈ। ਸੋ, ਇਸ ਵਿਚੱ ਰਾਜ਼ ਇਹੀ ਹੈ ਕਿ ਰੱਬੀ ਨੂਰਾਂ ਦੀ ਪ੍ਰਾਪਤੀ ਵਿਚੱ ਅਹਲੇ ਬੈਅਤ ਦੇ ਪ੍ਰੇਮ ਨੂੰ ਵੀ ਬਹੁਤ ਵੱਡਾ ਹਿੱਸਾ ਹੈ ਅਤੇ ਜੋ ਵਿਅਕਤੀ ਰਬੱ ਦੇ ਪਿਆਰਿਆਂ ਵਿਚੱ ਦਾਖ਼ਲ ਹੁੰਦਾ ਹੈ। ਉਹ ਇਹਨਾਂ ਪਵਿਤੱਰ ਲੋਕਾਂ ਦੀ ਵਰਾਸਤ ਪਾਉਂਦਾ ਹੈ ਅਤੇ ਸਾਰੇ ਗਿਆਨ ਅਤੇ ਮੁਆਰਫ਼ਤ ਵਿਚੱ ਉਹਨਾਂ ਦਾ ਵਾਰਸ ਠਹਿਰਦਾ ਹੈ। ਇੱਥੇ ਇਕੱ ਬਹੁਤ ਰੌਸ਼ਨ ਕਸ਼ਫ਼ ਯਾਦ ਆਇਆ ਅਤੇ ਉਹ ਇਹ ਹੈ ਕਿ ਇਕੱ ਵਾਰ ਮਗ਼ਰਿਬ ਦੀ ਨਮਾਜ਼ ਮਗਰੋਂ ਹੋਸ਼ ਦੀ ਹਾਲਤ ਵਿਚੱ ਇਕੱ ਥੋੜ੍ਹੀ ਜਿਹੀ ਗ਼ੈਬੀ ਹਰਕਤ ਨਾਲ ਜੋ ਹਲਕੀ ਜਿਹੀ ਉਂਘ ਵਰਗੀ ਸੀ। ਇਕੱ ਅਜੀਬ ਨਜ਼ਾਰਾ ਪ੍ਰਕਟ ਹੋਇਆ ਕਿ ਪਹਿਲਾਂ ਇਕੱ

ਹੋਵੇਗਾ। ਇਹ ਇਸ ਗਲ੍ਹੱ ਵਲ੍ਹੱ ਇਸ਼ਾਰਾ ਹੈ ਕਿ ਉਹ ਅਧਿਆਤਮਿਕਤਾ ਦੀ ਰੂਹ ਨਾਲ ਉਸੇ ਨਬੀ ਵਿੱਚੋਂ ਨਿਕਲਿਆ ਹੋਇਆ ਹੋਵੇਗਾ ਅਤੇ ਉਸੇ ਦੀ ਰੂਹ ਦਾ ਰੂਪ ਹੋਵੇਗਾ। ਇਸ ਉੱਤੇ ਬਹੁਤ ਮਜ਼ਬੂਤ ਸੰਕੇਤ ਇਹ ਹੈ ਕਿ ਜਿਨ੍ਹਾਂ ਸ਼ਬਦਾਂ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਸੰਬੰਧ ਬਿਆਨ ਕੀਤਾ। ਇੱਥੇ ਤਕੱ ਕਿ ਦੋਵਾਂ ਦਾ ਨਾਂ ਇਕੱ ਕਰ ਦਿੱਤਾ। ਉਹਨਾਂ ਸ਼ਬਦਾਂ ਤੋਂ ਸਪਸ਼ਟ ਗਿਆਤ ਹੁੰਦਾ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਉਸ ਮੌਊਦ ਨੂੰ ਆਪਣਾ ਬਰੂਜ਼ ਬਿਆਨ ਫ਼ਰਮਾਉਂਣਾ

---

ਵਾਰ ਕੁਝੱ ਲੋਕਾਂ ਦੇ ਛੇਤੀ ਛੇਤੀ ਆਉਣ ਦੀ ਆਵਾਜ਼ ਆਈ। ਜਿਵੇਂ ਤੇਜ਼ੀ ਨਾਲ ਤੁਰਨ ਨਾਲ ਪੈਰ ਦੀ ਜੁੱਤੀ ਅਤੇ ਜੁਰਾਬਾਂ ਤੋਂ ਆਵਾਜ਼ ਆਉਂਦੀ ਹੈ। ਫ਼ਿਰ ਉਸੇ ਸਮੇਂ ਪੰਜ ਲੋਕ ਬਹੁਤ ਰੋਹਬਦਾਰ, ਸੋਹਣੇ ਅਤੇ ਖ਼ੂਬਸੂਰਤ ਸਾਮ੍ਹਣੇ ਆ ਗਏ। ਅਰਥਾਤ ਹਜ਼ਰਤ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਅਤੇ ਹਜ਼ਰਤ ਅਲੀ ਅਤੇ ਹਸਨ-ਹੁਸੈਨ ਅਤੇ ਫ਼ਾਤਮਾ ਜ਼ੋਹਰਾ ਰਜ਼ੀ ਅੱਲਾਹ ਅੰਹੁਮਾ ਅਤੇ ਇਕੱ ਨੇ ਇਹਨਾਂ ਵਿੱਚੋਂ ਅਤੇ ਇੰਝ ਯਾਦ ਪੈਂਦਾ ਹੈ ਕਿ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਨੇ ਬਹੁਤ ਪਿਆਰ ਅਤੇ ਮਿਹਰ ਨਾਲ ਮਿਹਰਬਾਨ ਮਾਂ ਵਾਂਗ ਇਸ ਨਿਮਾਣੇ ਦਾ ਸਿਰ ਆਪਣੀ ਗੋਦ ਵਿਚੱ ਰਖੱ ਲਿਆ। ਫ਼ਿਰ ਉਸ ਦੇ ਬਾਦ ਇਕੱ ਕਿਤਾਬ ਮੈਨੂੰ ਦਿੱਤੀ ਗਈ। ਜਿਸ ਬਾਰੇ ਇਹ ਦਸਿੱਆ ਗਿਆ ਕਿ ਇਹ ਕੁਰਆਨ ਦੀ ਵਿਆਖਿਆ ਹੈ। ਜਿਸ ਨੂੰ ਅਲੀ ਰਜ਼ੀ ਅੱਲਾਹ ਅੰਨਹੋ ਨੇ ਤਿਆਰ ਕੀਤਾ ਹੈ ਅਤੇ ਹੁਣ ਅਲੀ ਰਜ਼ੀ ਅੱਲਾਹ ਅੰਨਹੋ ਉਹ ਵਿਆਖਿਆ ਤੈਨੂੰ ਦਿੰਦੇ ਹਨ। ” فالحمدُ للہ علی ذالک

(ਬਰਾਹੀਨੇ ਅਹਮਦੀਆ, ਰੂਹਾਨੀ ਖ਼ਜ਼ਾਇਨ ਜਿਲਦ 1 ਪੰਨਾ 599, ਹਾਸ਼ਿਆ ਦਰ ਹਾਸ਼ਿਆ ਨੰਬਰ 3)

ਚਾਹੁੰਦੇ ਹਨ । ਜਿਵੇਂ ਕਿ ਹਜ਼ਰਤ ਮੂਸਾ ਦਾ ਬਰੂਜ਼ ਯਸ਼ੂਆ (ਹਜ਼ਰਤ ਈਸਾ) ਸੀ ਅਤੇ ਬਰੂਜ਼ ਲਈ ਜ਼ਰੂਰੀ ਨਹੀਂ ਕਿ ਬਰੂਜ਼ੀ ਵਿਅਕਤੀ, ਮੂਲ ਦਾ ਪੁਤੱਰ ਜਾਂ ਦੋਹਤਰਾ ਹੋਵੇ। ਹਾਂ ਇਹ ਜ਼ਰੂਰ ਹੈ ਕਿ ਅਧਿਆਤਮਿਕਤਾ ਦੇ ਸੰਬੰਧ ਅਨੁਸਾਰ ਬਰੂਜ਼ੀ ਵਿਅਕਤੀ, ਮੂਲ ਵਿੱਚੋਂ ਨਿਕਲਿਆ ਹੋਵੇ ਅਤੇ ਆਰੰਭ ਤੋਂ ਆਪਸੀ ਖਿਚੱ ਅਤੇ ਸੰਬੰਧ ਵਿਚੱਕਾਰ ਹੋਵੇ। ਸੋ, ਇਹ ਖ਼ਿਆਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਮੁਆਰਫ਼ਤ ਦੀ ਸ਼ਾਨ ਦੇ ਬਿਲਕੁਲੱ ਖ਼ਿਲਾਫ਼ ਹੈ ਕਿ ਆਪ ਇਸ ਬਿਆਨ ਨੂੰ ਤਾਂ ਛਡੱ ਦੇਣ । ਜੋ ਬਰੂਜ਼ ਦੇ ਅਰਥ ਪ੍ਰਕਟ ਕਰਨ ਲਈ ਜ਼ਰੂਰੀ ਹੈ ਅਤੇ ਇਹ ਗਲੱ ਪ੍ਰਕਟ ਕਰਨਾ ਸ਼ੁਰੂ ਕਰ ਦੇਣ ਕਿ ਉਹ ਮੇਰਾ ਦੋਹਤਰਾ ਹੋਵੇਗਾ । ਭਲਾ ਦੋਹਤਰਾ ਹੋਣ ਨਾਲ ਬਰੂਜ਼ ਨੂੰ ਕੀ ਸੰਬੰਧ ਅਤੇ ਜੇਕਰ ਬਰੂਜ਼ ਲਈ ਇਹ ਸੰਬੰਧ ਜ਼ਰੂਰੀ ਸੀ ਤਾਂ ਕੇਵਲ ਦੋਹਤਰਾ ਹੋਣ ਦਾ ਇਕੱ ਅਧੂਰਾ ਸੰਬੰਧ ਕਿਉਂ ਚੁਣਿਆ ਗਿਆ ਪੁਤੱਰ ਹੋਣਾ ਚਾਹੀਦਾ ਸੀ । ਪਰ ਰਬੱ ਨੇ ਆਪਣੇ ਪਾਕ ਕਲਾਮ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਕਿਸੇ ਦੇ ਬਾਪ ਹੋਣ ਤੋਂ ਇੰਨਕਾਰ ਕੀਤਾ ਹੈ । ਪਰ ਬਰੂਜ਼ ਦੀ ਖ਼ਬਰ ਦਿੱਤੀ ਹੈ। ਜੇਕਰ ਬਰੂਜ਼ ਸਹੀ ਨ ਹੁੰਦਾ ਤਾਂ ਫ਼ਿਰ ਆਇਤ وَاٰخَرِيۡنَ مِنۡهُمۡ ਵਿਚੱ ਉਸ ਮੌਊਦ[1] ਦੇ ਦੋਸਤ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸਹਾਬੀ ਕਿਵੇਂ ਠਹਿਰਦੇ ਅਤੇ ਬਰੂਜ਼ ਦੇ ਇੰਨਕਾਰ ਨਾਲ ਇਸ ਆਇਤ ਦਾ ਇੰਨਕਾਰ ਲਾਜ਼ਮ ਆਉਂਦਾ ਹੈ। ਸੰਸਾਰਿਕ ਸੋਚ ਦੇ ਲੋਕਾਂ ਨੇ ਕਦੇ ਉਸ ਮੌਊਦ ਨੂੰ

---

[1] ਜਿਸ ਦੇ ਆਉਣ ਦੀ ਪਹਿਲਾਂ ਤੋਂ ਖ਼ਬਰ ਦਿੱਤੀ ਗਈ ਹੋਵੇ ਅਨੁਵਾਦਕ

ਹਸਨ ਦੀ ਔਲਾਦ ਬਣਾਇਆ ਅਤੇ ਕਦੇ ਹੁਸੈਨ ਦੀ ਅਤੇ ਕਦੇ ਅੱਬਾਸ ਦੀ। ਪਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦਾ ਕੇਵਲ ਇਹ ਉਦੇਸ਼ ਸੀ ਕਿ ਉਹ ਪੁੱਤਰਾਂ ਵਾਂਗ ਉਸ ਦਾ ਵਾਰਸ ਹੋਵੇਗਾ। ਉਸ ਦੇ ਨਾਂ ਦਾ ਵਾਰਸ, ਉਸ ਦੇ ਆਚਰਣ ਦਾ ਵਾਰਸ, ਉਸ ਦੇ ਗਿਆਨ ਦਾ ਵਾਰਸ, ਉਸ ਦੀ ਅਧਿਆਤਮਿਕਤਾ ਦਾ ਵਾਰਸ ਅਤੇ ਹਰ ਇਕੱ ਪਹਿਲੂ ਤੋਂ ਆਪਣੇ ਅੰਦਰ ਉਸ ਦੀ ਤਸਵੀਰ ਵਿਖਾਏਗਾ ਅਤੇ ਉਹ ਆਪਣੇ ਵੱਲੋਂ ਨਹੀਂ, ਸਗੋਂ ਸਭ ਕੁਝੱ ਉਸ ਕੋਲੋਂ ਲਏਗਾ (ਉਸ ਵਿਚੱ ਲੀਨ ਹੋ ਕੇ)। ਉਸ ਦਾ ਆਚਰਣ ਲਏਗਾ, ਉਸ ਦਾ ਗਿਆਨ ਲਏਗਾ, ਇੰਝ ਹੀ ਉਸ ਦੀ ਨਬੀ ਦੀ ਉਪਾਧੀ ਵੀ ਲਏਗਾ। ਕਿਉਂਕਿ ਬਰੂਜ਼ੀ ਤਸਵੀਰ ਪੂਰੀ ਨਹੀਂ ਹੋ ਸਕਦੀ। ਜਦੱ ਤਕੱ ਕਿ ਇਹ ਤਸਵੀਰ ਹਰ ਇਕੱ ਪਹਿਲੂ ਤੋਂ ਆਪਣੇ ਅਸਲ ਦੇ ਕਮਾਲ ਆਪਣੇ ਅੰਦਰ ਨ ਰਖੱਦੀ ਹੋਵੇ। ਸੋ, ਕਿਉਂਕਿ ਨਬੁਵੱਤ ਵੀ ਨਬੀ ਵਿਚੱ ਇਕੱ ਕਮਾਲ ਹੈ। ਇਸ ਲਈ ਜ਼ਰੂਰੀ ਹੈ ਕਿ ਬਰੂਜ਼ੀ ਤਸਵੀਰ ਵਿਚੱ ਉਹ ਕਮਾਲ ਵੀ ਪ੍ਰਕਟ ਹੋਣ। ਸਾਰੇ ਨਬੀ ਇਸ ਗਲੱ ਨੂੰ ਮੰਨਦੇ ਚਲੇ ਆਏ ਹਨ ਕਿ ਬਰੂਜ਼ ਦੀ ਹਸਤੀ ਆਪਣੇ ਅਸਲ ਦੀ ਪੂਰੀ ਤਸਵੀਰ ਹੁੰਦੀ ਹੈ ਇੱਥੇ ਤਕੱ ਕਿ ਨਾਂ ਵੀ ਇਕੱ ਹੋ ਜਾਂਦਾ ਹੈ। ਸੋ, ਇੰਝ ਸਪਸ਼ਟ ਹੈ ਕਿ ਜਿਵੇਂ ਬਰੂਜ਼ੀ ਤੌਰ ਉੱਤੇ ਮੁਹਮੱਦ ਅਤੇ ਅਹਮਦ ਨਾਂ ਰੱਖੇ ਜਾਣ ਨਾਲ ਦੋ ਮੁਹਮੱਦ ਅਤੇ ਦੋ ਅਹਮਦ ਨਹੀਂ ਹੋਣਗੇ। ਇੰਝ ਹੀ ਬਰੂਜ਼ੀ ਤੌਰ ਉੱਤੇ ਨਬੀ ਜਾਂ ਰਸੂਲ ਕਹਿਣ ਨਾਲ ਇਹ ਲਾਜ਼ਮ ਨਹੀਂ ਆਉਂਦਾ ਕਿ ਖ਼ਾਤਮਨੱਬੀਯੀਨ ਦੀ ਮੋਹਰ ਟੁਟੱ ਗਈ। ਕਿਉਂਕਿ ਬਰੂਜ਼ੀ ਹਸਤੀ ਕੋਈ

ਵਖੱਰੀ ਹਸਤੀ ਨਹੀਂ। ਇੰਞ ਤਾਂ ਮੁਹਮੱਦ ਦੇ ਨਾਂ ਦੀ ਨਬੁਵੱਤ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਤਕੱ ਹੀ ਸੀਮਿਤ ਰਹੀ। ਸਾਰੇ ਨਬੀਆਂ ਅਲੈਹਿਮੁਸੱਲਾਮ ਦੀ ਇਸ ਉੱਤੇ ਸਹਿਮਤੀ ਹੈ ਕਿ ਬਰੂਜ਼ ਵਿਚੱ ਕੋਈ ਅੰਤਰ ਜਾਂ ਮਤਭੇਦ ਨਹੀਂ ਹੁੰਦਾ। ਕਿਉਂਕਿ ਬਰੂਜ਼ ਦਾ ਸਥਾਨ ਇਸ ਵਿਸ਼ੇ ਦਾ ਧਾਰਨੀ ਹੁੰਦਾ ਹੈ ਕਿ

| | |
|---|---|
| من تو شُدم تو من شُدی | من تن شُدم تو جاں شُدی |
| تا کس نه گوید بعد زیں | من دیگرم تو دیگری[1] |

ਪਰ ਜੇਕਰ ਹਜ਼ਰਤ ਈਸਾ ਅਲੈਹਿ ਸਲਾਮ ਮੁੜ੍ਹ ਸੰਸਾਰ ਵਿਚੱ ਆ ਗਏ ਤਾਂ ਬਿਨਾਂ ਖ਼ਾਤਮਨੱਬੀਯੀਨ ਦੀ ਮੋਹਰ ਤੋੜ੍ਹੇ ਕਿਵੇਂ ਸੰਸਾਰ ਵਿਚੱ ਆ ਸਕਦੇ ਹਨ। ਅਰਥਾਤ ਖ਼ਾਤਮਨੱਬੀਯੀਨ ਦਾ ਸ਼ਬਦ ਇਕੱ ਰੱਬੀ ਮੋਹਰ ਹੈ। ਜੋ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਨਬੁਵੱਤ ਉੱਤੇ ਲਗੱ ਗਈ ਹੈ। ਹੁਣ ਸੰਭਵ ਨਹੀ ਕਿ ਕਦੇ ਇਹ ਮੋਹਰ ਟੁਟੱ ਜਾਵੇ। ਹਾਂ ਇਹ ਸੰਭਵ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨ ਇਕੱ ਵਾਰ ਸਗੋਂ ਹਜ਼ਾਰ ਵਾਰ ਸੰਸਾਰ ਵਿਚੱ ਬਰੂਜ਼ੀ ਰੰਗ ਵਿਚੱ ਆ ਜਾਣ ਅਤੇ ਬਰੂਜ਼ੀ

---

[1] ਮੰਨ ਤੂੰ ਸ਼ੁਦਮ ਤੂੰ ਮੰਨ ਸ਼ੁਦੀ ਮੰਨ ਤੰਨ ਸ਼ੁਦਮ ਤੂੰ ਜਾਂ ਸ਼ੁਦੀ
ਤਾ ਕਸ ਨਹ ਗੋਯਦ ਬਾਦ ਜ਼ੀਂ ਮੰਨ ਦੀਗ਼ਰਮ ਤੂੰ ਦੀਗਰੀ
ਅਰਥਾਤ : ਮੈਂ ਤੂੰ ਬਣ ਗਿਆ ਅਤੇ ਤੂੰ ਮੈਂ ਬਣ ਗਿਆ, ਮੈਂ ਸ਼ਰੀਰ ਹਾਂ ਅਤੇ ਤੂੰ ਜਾਨ ਹੈ। ਸੋ, ਇਸ ਦੇ ਬਾਦ ਕੋਈ ਨਹੀਂ ਕਹਿ ਸਕਦਾ, ਮੈਂ ਹੋਰ ਹਾਂ ਅਤੇ ਤੂੰ ਹੋਰ ਹੈ। ਅਨੁਵਾਦਕ

ਰੰਗ ਵਿਚੱ ਅਤੇ ਕਮਾਲਾਂ ਨਾਲ ਆਪਣੀ ਨਬੁਵੱਤ ਦਾ ਵੀ ਪ੍ਰਕਟਾਵਾ ਕਰਨ ਅਤੇ ਇਹ ਬਰੂਜ਼ ਰਬੱ ਵੱਲੋਂ ਪਹਿਲਾਂ ਤੋਂ ਤੈਅ ਵਚਨ ਸੀ । ਰਬੱ ਫ਼ਰਮਾਉਂਦਾ ਹੈ ਕਿ

وَاٰخَرِيْنَ مِنْهُمْ لَمَّا يَلْحَقُوْا بِهِمْ

ਅਤੇ ਨਬੀਆਂ ਨੂੰ ਆਪਣੇ ਬਰੂਜ਼ ਉੱਤੇ ਗ਼ੈਰਤ ਨਹੀਂ ਆਉਂਦੀ । ਕਿਉਂਕਿ ਉਹ ਉਨ੍ਹਾਂ ਦੀ ਸ਼ਕਲ ਅਤੇ ਉਨ੍ਹਾਂ ਦਾ ਨਕਸ਼ ਹੈ । ਪਰ ਹੋਰਾਂ ਉੱਤੇ ਜ਼ਰੂਰ ਗ਼ੈਰਤ ਆਉਂਦੀ ਹੈ । ਵੇਖੋ ਹਜ਼ਰਤ ਮੂਸਾ ਨੇ ਮੀਰਾਜ ਦੀ ਰਾਤ ਜਦੱ ਵੇਖਿਆ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਉਨ੍ਹਾਂ ਤੋਂ ਅੱਗੇ ਨਿਕਲ ਗਏ ਤਾਂ ਕਿਉਂ ਰੋ ਰੋ ਕੇ ਆਪਣੀ ਗ਼ੈਰਤ ਪ੍ਰਕਟ ਕੀਤੀ । ਤਾਂ ਫ਼ਿਰ ਜਿਸ ਹਾਲਤ ਵਿਚੱ ਰਬੱ ਤਾਂ ਫ਼ਰਮਾਏ ਕਿ ਤੇਰੇ ਬਾਦ ਕੋਈ ਹੋਰ ਨਬੀ ਨਹੀਂ ਆਏਗਾ ਅਤੇ ਫ਼ਿਰ ਆਪਣੇ ਫ਼ਰਮਾਨ ਦੇ ਖ਼ਿਲਾਫ਼ ਈਸਾ ਨੂੰ ਭੇਜ ਦੇਵੇ । ਤਾਂ ਫ਼ਿਰ ਕਿਨ੍ਹਾਂ ਇਹ ਅਮਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਠੇਸ ਪਹੁੰਚਾਉਣ ਵਾਲਾ ਹੋਵੇਗਾ । ਅਰਥਾਤ ਬਰੂਜ਼ੀ ਰੰਗ ਦੀ ਨਬੁਵੱਤ ਨਾਲ ਖ਼ਤਮੇ ਨਬੁਵੱਤ ਵਿਚੱ ਅੰਤਰ ਨਹੀਂ ਆਉਂਦਾ ਅਤੇ ਨ ਮੋਹਰ ਟੁਟੱਦੀ ਹੈ । ਪਰ ਕਿਸੇ ਦੂਜੇ ਨਬੀ ਦੇ ਆਉਣ ਨਾਲ ਇਸਲਾਮ ਦਾ ਖ਼ਾਤਮਾ ਹੋ ਜਾਂਦਾ ਹੈ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਇਸ ਵਿਚੱ ਬਹੁਤ ਬੇਇਜ਼ਤੀ ਹੈ ਕਿ ਵਡੱਮੁਲ੍ਹਾ ਕੰਮ, ਦੱਜਾਲ ਨੂੰ ਖ਼ਤਮ ਕਰਨ ਦਾ ਈਸਾ ਤੋਂ ਹੋਇਆ । ਨ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤੋਂ ਅਤੇ ਆਇਤ

وَلٰكِنْ رَّسُوْلَ اللّٰهِ وَخَاتَمَ النَّبِيّٖنَ

ਇਸ ਨਾਲ ਝੂੱਠੀ ਠਹਿਰਦੀ ਹੈ (ਰਬੱ ਦੀ ਪਨਾਹ) ਅਤੇ ਇਸ ਆਇਤ ਵਿਚੱ ਇਕੱ ਭਵਿਖੱਬਾਣੀ ਹੈ ਅਤੇ ਉਹ ਇਹ ਕਿ ਹੁਣ ਨਬੁਵਤੱ ਉੱਤੇ ਕਯਾਮਤ ਤਕੱ ਲਈ ਮੋਹਰ ਲਗੱ ਗਈ ਹੈ ਅਤੇ ਬਰੂਜ਼ੀ ਹਸਤੀ ਤੋਂ ਬਿਨਾਂ ਜੋ ਆਪ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਹਸਤੀ ਹੈ । ਕਿਸੇ ਵਿਚੱ ਇਹ ਤਾਕਤ ਨਹੀਂ । ਜੋ ਖੁੱਲ੍ਹੇ ਖੁੱਲ੍ਹੇ ਤੌਰ ਉੱਤੇ ਨਬੀਆਂ ਵਾਂਗ ਰਬੱ ਤੋਂ ਕੋਈ ਗ਼ੈਬ ਦਾ ਗਿਆਨ ਪ੍ਰਾਪਤ ਕਰੇ ਅਤੇ ਕਿਉਂਕਿ ਉਹ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦਾ ਬਰੂਜ਼ ਜਿਸ ਦਾ ਆਉਣਾ ਪੁਰਾਤਨ ਸਮੇਂ ਤੋਂ ਤੈਅ ਸੀ ਉਹ ਮੈਂ ਹਾਂ । ਇਸ ਲਈ ਬਰੂਜ਼ੀ ਰੰਗ ਦੀ ਨਬੁਵਤੱ ਮੈਨੂੰ ਬਖ਼ਸ਼ੀ ਗਈ ਅਤੇ ਇਸ ਨਬੁਵਤੱ ਦੇ ਮੁਕਾਬਲੇ ਉੱਤੇ ਹੁਣ ਸਾਰਾ ਸੰਸਾਰ ਲਾਚਾਰ ਹੈ ਕਿਉਂਕਿ ਨਬੁਵੱਤ ਉੱਤੇ ਮੋਹਰ ਹੈ। ਇਕੱ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦਾ ਬਰੂਜ਼, ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦੇ ਸਮੂਹ ਕਮਾਲਾਂ ਨਾਲ ਅੰਤਿਮ ਜ਼ਮਾਨੇ ਲਈ ਪਹਿਲਾਂ ਤੋਂ ਤੈਅ ਸੀ । ਉਹ ਪ੍ਰਕਟ ਹੋ ਗਿਆ । ਹੁਣ ਇਸ ਖਿੜ੍ਹਕੀ ਤੋਂ ਬਿਨਾਂ ਹੋਰ ਕੋਈ ਖਿੜ੍ਹਕੀ ਨਬੁਵੱਤ ਦੇ ਚਸ਼ਮੇ ਤੋਂ ਪਾਣੀ ਲੈਣ ਲਈ ਬਾਕੀ ਨਹੀਂ। ਭਾਵ ਇਹ ਕਿ ਬਰੂਜ਼ੀ ਤੌਰ ਦੀ ਨਬੁਵੱਤ ਅਤੇ ਰਿਸਾਲਤ ਨਾਲ ਖ਼ਾਤਮਿਅਤ ਦੀ ਮੋਹਰ ਨਹੀਂ ਟੁਟੱਦੀ ਅਤੇ ਹਜ਼ਰਤ ਈਸਾ ਦੇ ਆਉਣ ਦਾ ਖ਼ਿਆਲ ਜੋ ਆਇਤ

وَلَٰكِن رَّسُولَ ٱللَّهِ وَخَاتَمَ ٱلنَّبِيِّـۧنَ

ਦਾ ਇੰਨਕਾਰ ਕਰਨ ਵਾਲਾ ਹੈ। ਉਹ ਖ਼ਾਤਮਿਅਤ ਦੀ ਮੋਹਰ ਨੂੰ ਤੋੜ੍ਹਦਾ ਹੈ ਅਤੇ ਇਸ ਬੇਅਰਥ ਅਤੇ ਵਿਪਰੀਤ ਅਕੀਦੇ ਦਾ ਤਾਂ ਕੁਰਆਨ ਕਰੀਮ ਵਿਚੱ ਨਿਸ਼ਾਨ ਨਹੀਂ ਅਤੇ ਕਿਵੇਂ ਹੋ ਸਕਦਾ ਹੈ ਕਿ ਉਹ ਉਪਰੋਕਤ ਆਇਤ

ਦੇ ਬਿਲਕੁਲੱ ਉਲਟ ਹੈ । ਪਰ ਇਕੱ ਬਰੂਜ਼ੀ ਨਬੀ ਅਤੇ ਰਸੂਲ ਦਾ ਆਉਣਾ ਕੁਰਆਨੇ ਸ਼ਰੀਫ਼ ਤੋਂ ਸਾਬਤ ਹੋ ਰਿਹਾ ਹੈ ਜਿਵੇਂ ਕਿ ਆਇਤ وَاٰخَرِيۡنَ مِنۡهُمۡ ਤੋਂ ਪ੍ਰਕਟ ਹੈ। ਇਸ ਆਇਤ ਵਿਚੱ ਇਕੱ ਸ਼ਾਨਦਾਰ ਬਿਆਨ ਇਹ ਹੈ ਕਿ ਇਸ ਜਮਾਅਤ ਦਾ ਜ਼ਿਕਰ ਤਾਂ ਉਨ੍ਹਾਂ ਵਿਚੱ ਕੀਤਾ ਗਿਆ । ਜੋ ਸਹਾਬਾ ਵਿੱਚੋਂ ਠਹਿਰਾਏ ਗਏ । ਪਰ ਇੱਥੇ ਉਸ ਬਰੂਜ਼ ਦਾ ਵਿਸਥਾਰਪੂਰਵਕ ਬਿਆਨ ਨਹੀਂ ਕੀਤਾ ਗਿਆ ਅਰਥਾਤ ਮਸੀਹ ਮੌਊਦ ਦਾ । ਜਿਸ ਰਾਹੀਂ ਉਹ ਲੋਕ ਸਹਾਬਾ ਠਹਿਰੇ ਅਤੇ ਸਹਾਬਾ ਵਾਂਗ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਪਰਿਖਣ ਹੇਠਾਂ ਸਮਝੇ ਗਏ। ਜ਼ਿਕਰ ਨ ਕਰਨ ਤੋਂ ਇਹ ਸੰਕੇਤ ਮੁਰਾਦ ਹੈ ਕਿ ਆਉਣ ਵਾਲੇ ਦੀ ਆਪਣੀ ਕੋਈ ਹਸਤੀ ਨਹੀਂ। ਇਸੇ ਲਈ ਉਸ ਦੀ ਬਰੂਜ਼ੀ ਨਬੁਵਤੱ ਅਤੇ ਰਿਸਾਲਤ ਨਾਲ ਖ਼ਤਮਿਅਤ ਦੀ ਮੋਹਰ ਨਹੀਂ ਟੁਟੱਦੀ। ਸੋ, ਆਇਤ ਵਿਚੱ ਉਸ ਨੂੰ ਇਕੱ ਅਗਿਆਤ ਹਸਤੀ ਵਾਂਗ ਰਹਿਣ ਦਿੱਤਾ ਅਤੇ ਉਸ ਦੇ ਬਦਲੇ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਪੇਸ਼ ਕਰ ਦਿੱਤਾ ਹੈ ਅਤੇ ਇੰਞ ਹੀ ਆਇਤ

إِنَّآ أَعۡطَيۡنَٰكَ ٱلۡكَوۡثَرَ [1]

ਵਿਚੱ ਇਕੱ ਬਰੂਜ਼ੀ ਹਸਤੀ ਦਾ ਵਚਨ ਦਿੱਤਾ ਗਿਆ । ਜਿਸ ਦੇ ਜ਼ਮਾਨੇ ਵਿਚੱ ਕੌਸਰ ਪ੍ਰਕਟ ਹੋਵੇਗਾ ਅਰਥਾਤ ਦੀਨੀ ਬਰਕਤਾਂ ਦੇ ਚਸ਼ਮੇ

[1] ਅਰਥਾਤ : (ਹੇ ਨਬੀ !) ਬੇਸ਼ਕੱ ਅਸੀਂ ਤੈਨੂੰ " ਕੌਸਰ " ਦਿੱਤਾ ਹੈ

(ਸੂਰਤੁਲੱ ਕੌਸਰ 108/02)

ਫੁਟੱਣਗੇ ਅਤੇ ਸੰਸਾਰ ਵਿਚੱ ਬਹੁਤ ਸਾਰੇ ਸੱਚੇ ਮੁਸਲਮਾਨ ਹੋ ਜਾਣਗੇ ਇਸ ਆਇਤ ਵਿਚੱ ਵੀ ਭੌਤਿਕ ਸੰਤਾਨ ਦੀ ਲੋੜ੍ਹ ਨੂੰ ਘਟੱ ਨਜ਼ਰ ਨਾਲ ਵੇਖਿਆ ਅਤੇ ਬਰੂਜ਼ੀ ਸੰਤਾਨ ਦੀ ਭਵਿਖੱਬਾਣੀ ਕੀਤੀ ਗਈ ਅਤੇ ਭਾਵੇਂ ਰਬੱ ਨੇ ਮੈਨੂੰ ਇਹ ਦਾਦ ਬਖ਼ਸ਼ੀ ਹੈ ਕਿ ਮੈਂ ਇਸਰਾਈਲੀ ਵੀ ਹਾਂ ਅਤੇ ਫ਼ਾਤਮੀ ਵੀ ਅਤੇ ਦੋਵੇਂ ਖ਼ੂਨਾਂ ਤੋਂ ਹਿੱਸਾ ਰਖੱਦਾ ਹਾਂ । ਪਰ ਮੈਂ ਅਧਿਆਤਮਿਕਤਾ ਦੀ ਸਮਾਨਤਾ ਨੂੰ ਪਹਿਲ ਦਿੰਦਾ ਹਾਂ, ਜੋ ਬਰੂਜ਼ੀ ਸਮਾਨਤਾ ਹੈ। ਹੁਣ ਇਸ ਸਾਰੀ ਲੇਖਣੀ ਤੋਂ ਮੇਰਾ ਅਰਥ ਇਹ ਹੈ ਕਿ ਅਣਪੜ੍ਹ ਵਿਰੋਧੀ ਮੇਰੇ ਬਾਰੇ ਆਰੋਪ ਲਾਉਂਦੇ ਹਨ ਕਿ ਇਹ ਵਿਅਕਤੀ ਨਬੀ ਜਾਂ ਰਸੂਲ ਹੋਣ ਦਾ ਦਾਅਵਾ ਕਰਦਾ ਹੈ । ਮੈਨੂੰ ਅਜਿਹਾ ਕੋਈ ਦਾਅਵਾ ਨਹੀਂ। ਮੈਂ ਉਸ ਤਰ੍ਹਾਂ ਦਾ ਜੋ ਉਹ ਖ਼ਿਆਨ ਕਰਦੇ ਹਨ, ਨ ਨਬੀ ਹਾਂ ਨ ਰਸੂਲ। ਹਾਂ ਮੈਂ ਇੰਞ ਨਬੀ ਅਤੇ ਰਸੂਲ ਹਾਂ ਜਿਵੇਂ ਹੁਣੇ ਮੈਂ ਬਿਆਨ ਕੀਤਾ ਹੈ । ਸੋ, ਜੋ ਵਿਅਕਤੀ ਮੇਰੇ ਉੱਤੇ ਸ਼ਰਾਰਤ ਨਾਲ ਇਹ ਆਰੋਪ ਲਾਉਂਦਾ ਹੈ। ਜੋ ਦਾਅਵਾ ਨਬੁਵਤੱ ਅਤੇ ਰਿਸਾਲਤ ਦਾ (ਉਹ ਮੇਰੇ ਬਾਰੇ) ਕਰਦੇ ਹਨ । ਉਹ ਝੂੱਠਾ ਅਤੇ ਅਪਵਿਤੱਰ ਖ਼ਿਆਲ ਹੈ। ਮੈਨੂੰ ਬਰੂਜ਼ੀ ਹਾਲਤ ਨੇ ਨਬੀ ਅਤੇ ਰਸੂਲ ਬਣਾਇਆ ਹੈ ਅਤੇ ਇਸੇ ਆਧਾਰ ਉੱਤੇ ਰਬੱ ਨੇ ਵਾਰ ਵਾਰ ਮੇਰਾ ਨਾਂ ਨਬੀਉੱਲਾਹ ਅਤੇ ਰਸੂਲੁੱਲਾਹ ਰਖਿੱਆ। ਪਰ ਬਰੂਜ਼ੀ ਹਾਲਤ ਵਿਚੱ। ਮੇਰਾ ਨਫ਼ਸ ਵਿਚੱਕਾਰ ਨਹੀਂ, ਸਗੋਂ ਮੁਹਮੱਦ ਸਲੱਲਾਹੋ ਅਲੈਹਿ ਵਸਲੱਮ ਦਾ ਹੈ । ਇੰਞ ਹੀ ਮੇਰਾ ਨਾਂ ਮੁਹਮੱਦ ਅਤੇ ਅਹਮਦ ਹੋਇਆ । ਸੋ, ਨਬੁਵੱਤ ਅਤੇ ਰਿਸਾਲਤ ਕਿਸੇ ਦੂਜੇ ਦੇ ਕੋਲ੍ਹ

ਨਹੀਂ ਗਈ। ਮੁਹਮੱਦ (ਸਲੱਲਾਹੋ ਅਲੈਹਿ ਵਸਲੱਮ) ਦੀ ਚੀਜ਼ (ਅਰਥਾਤ ਨਬੁਵੱਤ) ਮੁਹਮੱਦ (ਸਲੱਲਾਹਹੋ ਅਲੈਹਿ ਵਸਲੱਮ) ਦੇ ਕੋਲ੍ਹ ਹੀ ਰਹੀ। ਅਲੈਹਿ ਸਲਾਤੋ ਵਸੱਲਾਮ।

ਖ਼ਾਕਸਾਰ ਮਿਰਜ਼ਾ ਗ਼ੁਲਾਮ ਅਹਮਦ ਅਜ਼ ਕਾਦੀਆਂ

5 ਨਵੰਬਰ 1901 ਈ

# ਇਸ਼ਤਿਹਾਰ ਕਿਤਾਬ ਆਯਾਤੁਰੱਹਿਮਾਨ

ਇਹ ਕਦਰ ਯੋਗ ਕਿਤਾਬ ਸ਼੍ਰੀਮਾਨ ਮੌਲਵੀ ਸਯੱਦ ਮੁਹਮੱਦ ਅਹਸਨ ਸਾਹਿਬ ਨੇ ਕਿਤਾਬ " ਆਸਾਏ ਮੂਸਾ " ਦੇ ਰਦੱ ਵਿਚੱ ਲਿੱਖੀ ਹੈ ਅਤੇ ਲੇਖਕ " ਆਸਾਏ ਮੂਸਾ " ਦੇ ਸ਼ੰਕਾਵਾਂ ਦਾ ਅਜਿਹਾ ਰਦੱ ਕੀਤਾ ਹੈ ਕਿ ਹੁਣ ਉਸ ਨੂੰ ਆਪਣੀ ਉਹ ਕਿਤਾਬ ਇਕੱ ਖ਼ਤਰਨਾਕ ਆਜ਼ਾਬ ਮਹਿਸੂਸ ਹੋਵੇਗੀ। ਇਹ ਮਤਾ ਪਾਸ ਹੋਇਆ ਹੈ ਕਿ ਇਸ ਦੇ ਛਪੱਣ ਲਈ ਇੰਝ ਸਰਮਾਇਆ ਜਮ੍ਹਾ ਹੋਵੇ ਕਿ ਹਰ ਇਕੱ ਸਾਹਿਬ ਜੋ ਲੈਣਾ ਚਾਹੇ ਇਕੱ ਰੁਪਿਆ ਜੋ ਇਸ ਕਿਤਾਬ ਦੀ ਕੀਮਤ ਹੈ, ਪਹਿਲਾਂ ਭੇਜ ਦੇਵੇ। ਇਹ ਇੱਛਾ ਹੈ ਕਿ ਛੇਤੀ ਤੋਂ ਛੇਤੀ ਇਹ ਕਿਤਾਬ ਛਪੱ ਜਾਵੇ ਇਸ ਲਈ ਇਹ ਪ੍ਰਬੰਧ ਕੀਤਾ ਗਿਆ ਹੈ।

ਵਸੱਲਾਮ;ਖ਼ਾਕਸਾਰ

ਮਿਰਜ਼ਾ ਗ਼ੁਲਾਮ ਅਹਮਦ ਅਫ਼ੀ ਅੰਨਹੋ